
ੴ ਵਾਹਿਗੁਰੂ ਜੀ ਕੀ ਫਤਿਹ ॥

ਨਾਨਕ ਗੁਰੂ ਗੋਬਿੰਦ ਸਿੰਘ ਜੀ ਪੂਰਨ ਗੁਰ ਅਵਤਾਰ ॥
ਜਗ ਮਗ ਜੋਤ ਬਿਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ ॥

# ਹਜ਼ੂਰੀ ਦੀਦਾਰੇ

(ਜਿਸ ਵਿਚ ਸਰਬਤ ਗੁਰਦੁਆਰਿਆਂ ਦੇ ਫੋਟੋ, ਭਵਿਖਤ ਵਾਕ
ਅਤੇ ਗੁਰ ਸਿਖ ਰਹਿਣੀ ਦੇ ਇਕਵੰਜਾ ਚੋਣਵੇਂ ਅਸੂਲ ਸ਼ਾਮਲ ਹਨ)



ਲੇਖਕ : (ਸਚਖੰਡਵਾਸੀ) ਸੰਤ ਹਰਨਾਮ ਸਿੰਘ ਜੀ 'ਸੇਵਕ'
ਗੁ: ਲੰਗਰ ਸਾਹਿਬ ਨਾਂਦੇੜ (ਸ੍ਰੀ ਹਜ਼ੂਰ ਸਾਹਿਬ)

ਭੇਟਾ : ਛੇ ਰੁਪਏ

# ਸ ਮ ਰ ਪ ਨ

ਸੱਚਖੰਡ ਹਜ਼ੂਰੀ ਯਾਤਰਾ ਸੰਬੰਧਤ 'ਹਜ਼ੂਰੀ ਦੀਦਾਰੇ' ਪੁਸਤਕ ਕੋ ਪੜ੍ਹ ਕਰ ਅਤਿਅੰਤ ਖੁਸ਼ੀ ਹੋਈ ਹੈ ਕਿ ਸ੍ਰੀ ਮਾਨ ੧੦੮ ਸੰਤ ਬਾਬਾ ਹਰਨਾਮ ਸਿੰਘ ਜੀ ਮਹੰਤ ਗੁ: ਲੰਗਰ ਸਾਹਿਬ ਜੀ ਨੇ ਸੱਚਖੰਡੀ ਯਾਤਰਾ ਕੋ ਮੁਖ ਰਖਤੇ ਹੋਏ ਇਤਿਹਾਸ ਕੀ ਕਾਫੀ ਖੋਜ ਪੜਤਾਲ ਕੇ ਬਾਦ ਯੇ ਕਿਤਾਬ ਤਿਆਰ ਕੀ ਹੈ। ਔਰ ਵਾਕਈ ਯਾਤਰੂਓਂ ਕੀ ਭਾਰੀ ਜਰੂਰਤ ਕੋ ਪੂਰਾ ਕੀਆ ਹੈ। ਵਾਰਤਕ ਇਤਿਹਾਸ ਕੇ ਸਾਥ ਕਵਿਤਾ ਕੀ ਰਚਿਤ ਐਸੀ ਅਨਭਵ ਹੋਤੀ ਹੈ ਜੈਸੇ 'ਸੋਨੇ ਪਰ ਸੁਹਾਗਾ'। ਜਹਾਂ ਹਰ ਇਕ ਗੁਰਦੁਆਰੇ ਕੇ ਸੁੰਦਰ ਫੋਟੋ ਦੀਏ ਹੈਂ. ਵਹਾਂ ਵਹਾਂ ਹਰ ਗੁਰਦੁਆਰੇ ਕੀ ਸੇਵਾ ਬਾਰੇ ਗੁਰਮਤਿ, ਵਿਦਿਅਕ ਅਤੇ ਭਾਈਚਾਰਕ ਸੁਧਾਰ ਬੜੇ ਪ੍ਰੇਮ ਔਰ ਹਮਦਰਦੀ ਸਹਿਤ ਵਰਨਣ ਕਰਕੇ ਪੰਥ ਖਾਲਸਾ ਔਰ ਪ੍ਰਬੰਧ ਕੋ ਚੜ੍ਹਦੀਆਂ ਕਲਾਂ ਵਿਖੇ ਲਿਆਣੇ ਦੀ ਚਿਤਾਵਣੀ ਭੀ ਕੀਤੀ ਹੈ। ਹਮਕੋ ਜ਼ਿਆਦਾ ਇਸ ਬਾਤ ਕੀ ਖੁਸ਼ੀ ਹੈ, ਜਹਾਂ ਆਪ ਗੁ: ਲੰਗਰ ਸਾਹਿਬ ਜੀ ਕੇ ਮਹਾਨ ਸੇਵਾ ਕੀ ਵਡਿਆਈ ਪ੍ਰਾਪਤ ਕਰ ਰਹੇ ਹੈਂ ਵਹਾਂ ਬੜੇ ਸ਼ੀਲ ਸੁਭਾ, ਨਾਮ ਬਾਣੀ ਦੇ ਰਸੀਏ, ਗੁਰਮੁਖ ਮਹਾਤਮਾ, ਪੰਥ ਦਰਦੀ ਅਤੇ ਹਰ ਮਨ ਪਿਆਰੇ ਹੋਣ ਕਰਕੇ ਆਪ ਕੋ ਸੱਚਖੰਡ ਹਜ਼ੂਰੀ ਖਾਲਸਾ ਦੀਵਾਨ ਕੀ ਪ੍ਰਧਾਨਗੀ ਦਾ ਮਾਨ ਭੀ ਪਰਾਪਤ ਹੈ। ਔਰ ਆਸ ਕਰਦਾ ਹੈ ਜੋ ਸ੍ਰੀ ਮਾਨ ਜੀ ਹਜ਼ੂਰੀ ਖਾਲਸੇ ਕੀ ਉਨਤੀ ਵਾ ਤਰਕੀ ਕੇ ਲੀਏ ਸਦੀਵ ਕਾਲ ਕੋਸ਼ਿਸ਼ ਜਾਰੀ ਰਖੇਂਗੇ।

ਗੁਰੂ ਪੰਥ ਕੇ ਦਾਸ—

ਮੀਤ ਪ੍ਰਧਾਨ—ਹਰੀ ਸਿੰਘ　　　　ਸਕਤਰ—ਮੋਹਨ ਸਿੰਘ

ਸੱਚਖੰਡ ਹਜ਼ੂਰੀ ਖਾਲਸਾ ਦੀਵਾਨ

# ਹਜ਼ੂਰੀ ਦੀਦਾਰੇ

## ਸ੍ਰੀ ਸੱਚਖੰਡ ਮਹਿਮਾ

॥ ਕਬਿੱਤ ॥

ਕੈਸਾ ਸੋਹੈ ਆਲੀਸ਼ਾਨ, ਜਿਸ ਨਾਹਿ ਸਮ ਆਨ ।
ਸੱਚਖੰਡ ਗੁਰੂ ਧਾਮ, ਐਸੇ ਜ਼ਾਹਰਾ ਜ਼ਹੂਰ ਹੈ ॥
ਹਰੀ ਸ਼ੰਕਰ ਅਲਾਵੈ, ਪਾਰ ਸਾਰਦਾ ਨਾ ਪਾਵੈ ।
ਤਬੀ ਸ਼ੇਸ਼ ਨਾਗ ਗਾਵੈ, ਤੀਨ ਲੋਕ ਮਸ਼ਹੂਰ ਹੈ ॥
ਚੌਦਾਂ ਲੋਕ ਭਾਲ ਆਏ, ਬ੍ਰਹਮਪੁਰੀ ਮੇਂ ਜਾਇ ।
ਐਸੋ ਨ ਸੁਹਾਇ ਜੀ, ਜੈਸੇ ਇਹੁ ਹਜ਼ੂਰ ਹੈ ॥
ਚਮਕ ਦਮਕ ਦੇਖ, ਸੂਰ ਸਰਮਾਏ ਜੀਆ ।
ਕੋਟ ਕੋਟ ਕੋਟ ਲਾਖੋਂ, ਜੈਸੇ ਕੋਹਿ ਨੂਰ ਹੈ ॥
ਖੰਡ ਓ ਪ੍ਰਚੰਡ ਕਰੇ, ਖੜਗ ਕੁਵੰਡ ਧਰੈ ।
ਖੰਜਰ ਤੁਫੰਗ ਤੇ ਨਿਖੰਗ ਕੋ ਮਿਲਾਇਓ ਹੈ ॥
ਤੀਖਨ ਕ੍ਰਿਪਾਨ ਜਾਨ, ਸ਼ਕਤੀ ਸਰੋਹੀ ਮਾਨ ।
ਸਾਂਗ ਵ ਸੈਫ ਸ਼ਾਨ, ਐਸੇ ਰਿਪਨ ਕੋ ਘਾਇਊ ਹੈ ॥
ਪੇਚ ਓ ਕਬਜ ਕਰੇ, ਰਿਪਨ ਕਬਜ਼ ਜਾਨ ।
ਤੀਰ ਵ ਚਕਰ ਤੋ ਫਨੰਦ ਸਮ ਗਾਇਓ ਹੈ ॥
ਐਸੀ ਜਮਧਾਰ ਤੋ ਕਟਾਰ ਰੂਪ ਕ੍ਰਾਲ ਘਾਇ ।
ਭਾਲੇ ਢਾਲੇ ਨਾਗਨੀ, ਬਚਿਤ੍ਰ ਬਨਾਇਓ ਹੈ ॥

## ॥ ਚੌਪਈ ॥

ਹੀਰੇ ਮੋਤੀ ਜਰੈ ਜਵਾਹਰ, ਜਗਮਗ ਜੋਤ ਜਗੈ ਤਹਿ ਜਾਹਿਰ ।
ਪੌਰ ਫਰਸ਼ ਸੰਗਮਰਮਰ ਜਾਨੋ, ਇੰਦਰ ਲਜਤ ਪਿਖ ਤਖਤ ਮਹਾਨੋ ।
ਸੋਨੇ ਸੰਗ ਤਹਿ ਬੇਲ ਬਨੀ ਹੈ, ਚਤਰੰਗ ਲੀਲਾ ਅਜਬ ਗਨੀ ਹੈ ।
ਪਰੀ ਸੰਗ ਮਰਮਰ ਅਤਿ ਚਤ੍ਰੰਗਨ, ਭਲੀ ਭਾਂਤ ਤਹਿ ਸੋਹੈ ਬਿਹੰਗਨ ।
ਮੋਰ ਚਕੋਰ ਕਪੋਤ ਰੁਪਹਿਰੀ, ਚਮਕ ਰਹੀ ਹੈ ਛਾਤ ਸੁਨਹਿਰੀ ।
ਚਾਰੋਂ ਓਰ ਜਬ ਖੁਲ੍ਹੈ ਕਿਵਾਰਾ, ਅਦਭੁਤ ਲੀਲਾ ਅਜਬ ਨਜਾਰਾ ।
ਕਲਗੀ ਸ੍ਰੀ ਸਤਿਗੁਰ ਕੀ ਸੋਹੈ, ਪਿਖ ਅਨੰਦ ਅਤਿ ਹੀ ਸੁਖ ਹੋਹੈ ।
ਝਲਮਲ ਝਲਮਲ ਕਹਤ ਸੁਹਾਵੈ, ਪੇਖ ਸਜੀ ਜੀਅ ਮਹਿ ਸ਼ਰਮਾਵੈ।
ਸੇਵਕ ਜਨ ਗਨ ਚਵਰ ਝੁਲਾਵੈ, ਅਤੀ ਸੁਗੰਧਤ ਧੂਪ ਧੁਖਾਵੈ ।
ਸ੍ਰੀ ਗੁਰੂ ਗ੍ਰੰਥ ਜੋਤ ਪ੍ਰਕਾਸੰ, ਹਾਜ਼ਰ ਹਜ਼ੂਰ ਅਤਿ ਹੀ ਅਭਿਨਾਸੰ ।
ਚਾਰ ਪਦਾਰਥ ਸਤਿਗੁਰ ਸਰਨੰ, ਨਮੋ ਨਮੋ ਸ੍ਰੀ ਸਤਿਗੁਰ ਚਰਨੰ ।
ਸਿਖ ਸਿਖਨੀ ਜੋ ਦਰਸ਼ਨ ਕਰ ਹੈਂ, ਸਤਿਗੁਰ ਖਾਲੀ ਝੋਲੀ ਭਰ ਹੈਂ ।
ਆਸਾ ਵਾਰ ਰਾਗੀਸਿੰਘ ਗਾਵਤ, ਗਨਕਿਨਰ ਜੀਅ ਮਹਿ ਸ਼ਰਮਾਵਤ।
ਘਨਨ ਘਨਨ ਤਬ ਉਠੇ ਗੁੰਜਾਰਾ, ਸ੍ਰੀਸਤਿਗੁਰਕਾਜਬਬਜੇਨਗਾਰਾ ।
ਧਰਤ ਅਕਾਸ ਗੂੰਜੇ ਗਿਰਭਾਰਾ, ਸਿੰਘਨ ਕਾ ਜਬ ਗਜੇ ਜੈਕਾਰਾ ।
ਝੂਲਤ ਸ੍ਰੀ ਨਿਸ਼ਾਨ ਤਹਿ ਸੋਹੈ, ਕਲਸ ਸੁਨਹਿਰੀ ਅਤਿ ਮਨ ਮੋਹੈ।
ਡਿਉੜੀ ਪਰ ਤਹਿ ਨੌਬਤ ਬਾਜੇ, ਡਿਮਕ ਡਿਮਕ ਅਤਿ ਹੀ ਸੁਰ ਗਾਜੇ।
ਬੀਨਾਸੁਰ ਸਮ ਬਜੇ ਤੂਤਰੀ, ਛਣਕ ਛਣਕ ਕਰ ਛਣਕ ਨੂਪਰੀ ।
ਚੌਦਾਂ ਲੋਕ ਮਾਹਿ ਅਤਿ ਸੁੰਦਰ, ਦਰਸ ਕੀਏ ਮਿਟਹੈ ਦੁਖ ਦੁੰਦਰ
ਅਬਚਲ ਨਗਰ ਹੈ ਸੱਚਖੰਡ ਨਾਮੰ, ਅਪਰ ਅਪਾਰ ਉਪਮਾ ਗੁਰਧਾਮੰ ।
ਸੱਚਖੰਡ ਇਸ ਬਿਧ ਨਾਮ ਬਖਾਨਾ, ਸਤਿਗੁਰ ਅੰਤਮ ਕੀਉ ਪਯਾਨਾ ।

## ॥ ਕਬਿੱਤ ॥

ਕੈਸਾ ਸੁੰਦਰ ਅਸਥਾਨ, ਸੋਹੇ ਬਾਗ ਆਲੀਸ਼ਾਨ।
ਬਾਰਾਂਦਰੀ ਕੋ ਨਿਹਾਰ, ਜੀਆ ਐਸੇ ਮੁਦਤਾਇਓ ਹੈ।
ਇਹ ਹੈ ਹਾਜ਼ਰਾ ਹਜ਼ੂਰ, ਤੋਸ਼ੇ ਖਾਨੇ ਭਰਪੂਰ।
ਸੱਚਖੰਡ ਨੂਰੋ ਨੂਰ, ਦੇਵੀ ਦੇਵਨ ਧਿਆਇਓ ਹੈ।
ਰਹੇ ਖਾਲਸਾ ਅਨੰਦ, ਚੰਡੀ ਵਾਰ ਪੜ੍ਹੇ ਛੰਦ।
ਪੜ੍ਹੇ ਬਾਣੀ ਕਟੇ ਫੰਦ, ਨਾਮ ਜਪਦੇ ਜਪਾਇਓ ਹੈ।
ਖੀਰ, ਓ ਘਿਆਲੀ, ਟਿਕੀ ਕੁਣਕਾ ਬਿਸ਼ਾਲੀ।
ਪੂਰੀ ਚੋੜੀ ਓ ਨਿਰਾਲੀ, ਸੁਹਣਾ ਲੰਗਰ ਸਜਾਇਓ ਹੈ।
ਦਸ ਗਿਆਰਾਂ ਜਾਂ ਬਜਾਏ, ਚਾਂਦੀ ਥਾਲ ਕੋ ਸਜਾਏ।
ਅਛੀ ਚੌਕੀਆਂ ਧੁਆਇ, ਐਸੇ ਭੋਗ ਕੋ ਲਗਾਇਓ ਹੈ।

## ॥ ਕਬਿੱਤ ॥

ਸੁਹਣੇ ਕਮਰੇ ਮਹਾਨ, ਕਰਨ ਸੰਗਤਾਂ ਅਰਾਮ।
ਲੱਖਾਂ ਸੈਂਕੜੇ ਹਜ਼ਾਰ, ਆਇ ਗੁਰਾਂ ਨੂੰ ਧਿਆਵੰਦੇ।
ਸੁਹਣਾ ਸੱਚਖੰਡ ਨਾਮ, ਜਾਨੋ ਗੁਰੂ ਜੀ ਕਾ ਧਾਮ।
ਰੰਗ ਰਾਗ ਸੁਬ੍ਹਾ ਸ਼ਾਮ, ਰਾਗੀ ਕੀਰਤਨ ਹੈਂ ਗਾਵੰਦੇ।
ਲੱਖੀ ਸਿਖ ਵਣਜਾਰੇ, ਗੁਰੂ ਚਰਨ ਪਿਆਰੇ।
ਆਇ ਕਰਨ ਦੀਦਾਰੇ, ਭਾਰੀ ਸ਼ਰਧਾ ਰਖਾਵੰਦੇ।
ਠਾਠ ਸ਼ਹਿਨਸ਼ਾਹੀ ਜਾਣ, ਕਰੇ ਉਪਮਾਂ ਮਹਾਨ।
ਬਸੇ ਆਪ ਭਗਵਾਨ, ਤੋ ਬੇਅੰਤ ਬੇਅੰਤ ਗਾਵੰਦੇ।

## ॥ ਬੈਂਤ ॥

ਲੰਗਰ ਵਰਤਦਾ ਰਹੇ ਅਤੁੱਟ ਏਥੇ,
ਛਕਨ ਵਾਲਿਆਂ ਦਾ ਅੰਤ ਆਵੰਦਾ ਨਹੀਂ ।
ਬਰਕਤ ਗੁਰੂ ਦੀ ਦੇਗ ਬੇਅੰਤ ਚਲੇ,
ਤੋਟਾ ਕਦੇ ਵੀ ਲੰਗਰ ਨੂੰ ਆਵੰਦਾ ਨਹੀਂ ।
ਧਨੀ ਅਤੇ ਗਰੀਬ ਪਏ ਛਕਨ ਇਕ ਥਾਂ,
ਉੱਚਾ ਨੀਵਾਂ ਫਿਰ ਕੋਈ ਸਦਾਵੰਦਾ ਨਹੀਂ ।
ਕਿਰਪਾ ਗੁਰੂ ਦੀ ਲੰਗਰ ਬੇਅੰਤ ਚਲੇ,
'ਹਰਨਾਮ ਸਿੰਘ' ਮੈਂ ਝੂਠ ਅਲਾਵੰਦਾ ਨਹੀਂ ।
ਸੱਚਖੰਡ ਦਰਬਾਰ ਦੀ ਬਹੁਤ ਉਪਮਾ,
ਗਾਈ ਦਾਸ ਨੇ ਤੁਛ ਉਚਾਰ ਭਾਈ ।
ਨਾ ਕੋਈ ਸਮਝ ਤੇ ਨਾ ਹੀ ਚਤਰ ਬੁਧੀ,
ਕਿਰਪਾ ਸਤਿਗੁਰੂ ਕਰਨ ਅਪਾਰ ਭਾਈ ।
ਸੱਚਖੰਡ ਦਾ ਕਰਨ ਦੀਦਾਰ ਆ ਕੇ,
ਸੜੇ ਦਿਲ ਹੋਵਨ ਠੰਢੇ ਠਾਰ ਭਾਈ ।
ਸਚੇ ਦਿਲੋਂ ਮੱਥੇ ਜਿਹੜਾ ਧੂੜ ਲਾਵੇ,
ਇੱਛਾਂ ਪੂਰੀਆਂ ਕਰੇ ਕਰਤਾਰ ਭਾਈ ।
ਰੋਗ ਦੂਰ ਹੁੰਦੇ ਇਥੋਂ ਰੋਗੀਆਂ ਦੇ,
ਕਹੇ 'ਸਿੰਘ ਹਰਨਾਮ' ਉਚਾਰ ਭਾਈ ।

## ॥ ਦੋਹਿਰਾ ॥

ਸੱਚਖੰਡ ਕੀ ਉਪਮਾ ਲਿਖੀ, ਜਿਮ ਸਤਿਗੁਰ ਫੁਰਮਾਇ ।
ਕਹਾਂ ਬੁਧ ਮਮ ਕੀਟ ਕੀ, ਸਤਿਗੁਰ ਭਏ ਸਹਾਇ ।

# ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ

ਇਹ ਪਾਵਨ ਅਸਥਾਨ ਮਹਾਰਾਸ਼ਟਰ ਸਟੇਟ ਵਿਚ ਨਾਂਦੇੜ ਸਟੇਸ਼ਨ ਤੋਂ ਇਕ ਮੀਲ ਪੂਰਬ ਦਿਸ਼ਾ ਨੂੰ ਸ੍ਰੀ ਦਸਮੇਸ਼ ਪਿਤਾ ਜੀ ਦੀ ਅੰਤਮ ਯਾਦਗਾਰ ਤਾਜ਼ਾ ਕਰਾ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੱਖਨ ਆਗਮਨ ਤੇ ਸਭ ਤੋਂ ਪਹਿਲਾਂ ਗੁ: ਸੰਗਤ ਸਾਹਿਬ ਨਦੀ ਕਿਨਾਰਾ ਦੇਖ ਕੇ ਡੇਰੇ ਲਗਾਏ ਸਨ। ਖਾਲਸਾ ਜੀ ਦਾ ਮੌਜੂਦਾ ਗੁਰਦੁਆਰਾ ਲੰਗਰ ਸਾਹਿਬ ਵਾਲੀ ਥਾਵੇਂ, ਲੰਗਰ ਛਕਨ ਮਗਰੋਂ ਨਗੀਨਾ ਘਾਟ ਤੇ ਸਜੇ ਦੁਪਹਿਰ ਦੇ ਦੀਵਾਨ ਵਿਚ ਸਾਹਿਬਾਂ ਨੇ ਆਪਣੇ ਪੂਰਬਲੇ ਸਮਾਚਾਰ ਸੁਣਾਉਂਦਿਆਂ ਇਕ ਦਿਨ ਫੁਰਮਾਇਆ "ਅਸਾਂ ਸਤਿਜੁਗ ਅਤੇ ਤਰੇਤਾ ਇਥੇ ਹੀ ਤਪੱਸਿਆ ਕਰਦਿਆਂ ਬਿਤਾਇਆ ਹੈ।" ਤਾਂ ਸਿੰਘਾਂ ਨੇ ਉਸ ਪਵਿੱਤਰ ਅਸਥਾਨ ਦੀ ਦਰਸ਼ਨ ਅਭਿਲਾਸ਼ਾ ਪਰਗਟ ਕੀਤੀ।

ਦੂਜੇ ਦਿਨ ਅੰਮ੍ਰਿਤ ਵੇਲੇ ਹੀ ਦਸਮ ਪਿਤਾ ਇਸ਼ਨਾਨ ਸੋਧ ਸ਼ਸਤਰ ਬਸਤਰ, ਕਲਗੀ ਜਿਗ੍ਹਾ ਸਜਾ, ਮੌਜੂਦਾ ਸੱਚਖੰਡ ਸਾਹਿਬ ਵਾਲੀ ਥਾਂ ਆਏ ਅਤੇ ਇਸ ਥੜੇ ਜੀ ਦੀਆਂ ਸਤਿਕਾਰ ਸਹਿਤ ਪੰਜ ਪਰਕਰਮਾਂ ਲੈ, ਵਾਹਿਗੁਰੂ ਜੀ ਕੀ ਫਤਿਹ ਗਜਾ, ਥੜੇ ਸਾਹਿਬ ਦੇ ਉਪਰ ਬਿਰਾਜਮਾਨ ਹੋ ਕੇ ਸ੍ਰੀ ਅਕਾਲ ਪੁਰਖ ਵਾਹਿਗੁਰੂ ਦੇ ਸਿਮਰਨ ਵਿਚ ਲੀਨ ਹੋ ਗਏ। ਸਵੇਰੇ ਪਹੁ ਫੁਟਨ ਵੇਲੇ ਜਦੋਂ ਥਲੇ ਬੈਠੇ ਨੌਂ ਰਖੀਸ਼ਰਾਂ ਦੀ ਸਮਾਧੀ ਖੁਲ੍ਹੀ ਤਾਂ ਸਿੰਘਾਸਨ ਤੇ ਨਿਰੰਕਾਰੀ ਜੋਤ ਬਿਰਾਜਮਾਨ ਹੋਈ ਦੇਖ ਬਹੁਤ ਹੀ ਅਸਚਰਜ ਤੇ ਬਿਸਮਾਦ ਹੋਏ ਅਤੇ ਚਰਨ ਕੰਵਲ ਪਰਸਨ ਹਿਤ ਉਠੇ।

ਸਵੇਰ ਹੋ ਜਾਣ ਕਰਕੇ ਸੰਗਤਾਂ ਵੀ ਦਾਰਸ਼ਨ ਨੂੰ ਆਉਣ ਲਗ ਪਈਆਂ ਸਨ, ਅਤੇ ਸਾਹਿਬਾਂ ਨੇ ਆਪਣੇ ਅੰਮ੍ਰਿਤ ਵਰਸਾਉਣ ਵਾਲੇ ਨੇਤਰ ਖੋਲ੍ਹ ਲਏ। ਉਨ੍ਹਾਂ ਰਖੀਸ਼ਰਾਂ ਨੂੰ ਚਰਨਾਂ ਤੇ ਡਿਗਿਆ ਦੇਖ ਕੇ ਸਾਹਿਬਾਂ ਨੇ ਪੁਛਿਆ 'ਤੁਸੀਂ ਕੌਣ ਹੋ ? ਕਦੋਂ ਤੋਂ ਇਥੇ ਰਹਿੰਦੇ ਹੋ?' ਇਨ੍ਹਾਂ ਰਖੀਸ਼ਰਾਂ ਨੇ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ 'ਪ੍ਰਭੂ ਜੀਉ ! ਅਸੀਂ ਨੌਂ ਨੰਦ ਰਖੀਸ਼ਰ (ਇਸ ਨਗਰੀ ਦਾ ਨਾਮ ਨੰਦ ਏੜ ਹੈ), ਗੁਰੂ ਬ੍ਰਹਮਾ ਨੰਦ ਜੀ ਦੇ ਚੇਲੇ ਸਤਿਜੁਗ ਤੋਂ ਏਥੇ ਤਪੱਸਿਆ ਕਰ ਰਹੇ ਹਾਂ। ਸਤਿਜੁਗ ਵਿਚ ਇਹ 'ਗੋਬਿੰਦ ਨਗਰੀ' ਸੋਨੇ ਦੀ ਨਗਰੀ ਸੀ। ਬਾਨ ਗੰਗਾ (ਗੁਦਾਵਰੀ) ਦੁਧ ਦੀ ਵਗਦੀ ਸੀ। ਸਾਰੇ ਦੇਵਤੇ ਤੇ ਨਾਮ ਜਪਨ ਵਾਲੇ ਇਥੇ ਹੀ ਨਿਵਾਸ ਰਖਦੇ ਸਨ; ਅਜ ਸਾਡੇ ਧੰਨ ਭਾਗ ਹਨ ਕਿ ਆਪ ਜੀ ਦੇ ਪਾਵਨ ਦਰਸ਼ਨ ਪਰਸ ਕੇ ਚਿਰਾਂ ਤੋਂ ਭਟਕਦੇ ਮਨਾਂ ਨੂੰ ਸ਼ਾਂਤੀ ਅਤੇ ਅਨੰਦ ਪਰਾਪਤ ਹੋਇਆ ਹੈ। ਹੁਣ ਸਾਡੀ ਅੰਤਮ ਸ਼ੰਕਾ ਵੀ ਨਵਿਰਤ ਕਰਨ ਦੀ ਕਿਰਪਾਲਤਾ ਕਰੋ।'

ਹਜ਼ੂਰ ਨੇ ਮੁਸਕਰਾਉਂਦਿਆਂ ਫ਼ਰਮਾਇਆ 'ਭਾਈ! ਜਿਨ੍ਹਾਂ ਲਈ ਤੁਹਾਡੇ ਗੁਰੂ ਬ੍ਰਹਮਾਨੰਦ ਜੀ ਨੇ ਤੁਹਾਡੇ ਪਾਸ ਇਕ ਅਮਾਨਤ ਰਖੀ ਹੋਈ ਹੈ, ਸੋ ਅਸੀਂ ਉਹੀ ਆ ਗਏ ਹਾਂ ਤੇ ਉਹ ਪੁਸਤਕ ਸਾਨੂੰ ਦੇ ਦੇਵੋ।'

ਅੰਤਰਜਾਮੀ ਦਾਤਾ ਜੀ ਤੋਂ ਇਹ ਬਚਨ ਸੁਣ ਕੇ ਉਹ ਰਖੀਸ਼ਰ ਬਹੁਤ ਅਨੰਦ ਤੇ ਵਿਸਮਾਦ ਹੋਏ, ਅਤੇ ਉਹ ਪੁਸਤਕ ਅਗੇ ਭੇਟਾ ਲਿਆ ਧਰੀ। ਫਿਰ ਗੁਰੂ ਜੀ ਤੋਂ ਦੇਵ ਲੋਕ ਨੂੰ ਜਾਣ ਦੀ ਆਗਿਆ ਮੰਗੀ। ਸਾਹਿਬਾਂ ਨੇ ਫੁਰਮਾਇਆ 'ਨੌਂ' ਨੰਦ ਜੀਉ!

ਹਾਲਾਂ ਆਪ ਜੀ ਦੀ ਆਯੂ ਨੌਂ ਦਿਨ ਬਾਕੀ ਹੈ । ਸੋ ਇਹ ਸਮਾਂ ਸਤਿਸੰਗ ਵਿਚ ਬਿਤਾ ਕੇ ਮੋਖਸ਼ ਨੂੰ ਪਰਾਪਤ ਹੋਵੋ ।

ਨੋ ਨੰਦਾਂ ਨੇ ਆਪਣੀ ਵਿਥਿਆ ਦਸਦਿਆਂ ਕਿਹਾ, 'ਪ੍ਰਭੂ ਜੀਉ! ਸਾਨੂੰ ਆਪਣੇ ਗੁਰੂ ਬ੍ਰਹਮਾਨੰਦ ਜੀ ਦੇ ਬਚਨਾਂ ਅਨੁਸਾਰ ਇਸ ਕਲਜੁਗ ਤਕ ਇਥੇ ਠਹਿਰਣਾ ਪਿਆ ਹੈ । ਜਿਸ ਸਿੰਘਾਸਨ ਤੇ ਆਪ ਹੁਣ ਸੁਭਾਇਮਾਨ ਹ, ਅਸੀਂ ਤੇ ਸਾਡੇ ਗੁਰੂ ਜੀ ਇਸ ਦਾ ਬਹੁਤ ਹੀ ਸਤਿਕਾਰ ਕਰਦੇ ਸਨ ਅਤੇ ਰੋਜ਼ ਸਵੇਰੇ ਪਰਕਰਮਾ ਲੈ ਫੁਲ ਚੜ੍ਹਾਉਂਦੇ ਸਨ ।

'ਇਕ ਦਿਨ ਸਾਡੇ ਪੁਛਣ ਤੇ ਗੁਰੂ ਜੀ ਨੇ ਫੁਰਮਾਇਆ ਕਿ ਇਹ ਥੜਾ ਇਕ ਮਹਾਨ ਪ੍ਰਤਾਪਵਾਨ ਨਿਰੰਜਨੀ ਜੋਤ ਦਾ ਹੈ ਜਿਸ ਲਈ ਇਸ ਦਾ ਸਤਿਕਾਰ ਅਤੇ ਅਦਬ ਕਰਨਾ ਬਣਦਾ ਹੈ । ਫਿਰ ਸਾਡੀ ਦਰਸ਼ਨ ਅਭਿਲਾਸ਼ਾ ਪਰਗਟ ਕਰਨ ਤੇ ਗੁਰੂ ਜੀ ਨੇ ਸੁਤੇ ਸਿਧ ਹੀ ਇਹ ਬਚਨ ਕਰ ਦਿਤਾ, ਜੋ ਅਟੱਲ ਹੋ ਗਿਆ, 'ਕਿਉਂਕਿ ਹੁਣ ਤੁਹਾਨੂੰ ਦਰਸ਼ਨਾਂ ਦੀ ਅਭਿਲਾਸ਼ਾ ਉਪਜੀ ਹੈ ਇਸ ਲਈ ਤੁਹਾਨੂੰ ਕਲਜੁਗ ਤਕ ਇਥੇ ਹੀ ਰਹਿਣਾ ਪਵੇਗਾ । ਉਹ ਕਲਜੁਗ ਵਿਚ ਅਵਤਾਰ ਧਾਰ ਕੇ ਇਕ ਨਿਰੋਲ ਪੰਥ ਸਜਾਉਣਗੇ ਅਤੇ ਆਪ ਇਸ ਸਿੰਘਾਸਨ ਤੇ ਸੁਭਾਇਮਾਨ ਹੋ, ਤੁਹਾਨੂੰ ਮੋਖਸ਼ ਦੀ ਦਾਤ ਬਖਸ਼ਣਗੇ ।' ਫਿਰ ਕਈ ਉਤਰ ਪ੍ਰਸ਼ਨ ਹੋਣ ਪਿਛੋਂ ਸਾਡੇ ਇਹ ਬੇਨਤੀ ਕਰਨ ਤੇ 'ਜੀ ਸਾਨੂੰ ਉਨ੍ਹਾਂ ਦੀ ਕਿਸ ਤਰ੍ਹਾਂ ਪਛਾਣ ਹੋਵੇਗੀ', ਤਦ ਇਹ ਪੁਸਤਕ ਸਾਨੂੰ ਅਮਾਨਤ ਦੇ ਕੇ ਫੁਰਮਾਇਆ ਸੀ, ਉਹਨਾਂ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਵੇਗਾ ਅਤੇ ਬਿਨਾਂ ਤੁਹਾਡੇ ਦਸੇ ਉਹ ਆਪ ਹੀ ਇਹ ਪੁਸਤਕ ਮੰਗ ਲੈਣਗੇ ।'†

---

† ਸੋ ਕਿਤੇ ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਸਾਹਿਬਾਂ ਨੇ ਗੁ: ਨਗੀਨਾ ਘਾਟ ਤੋਂ ਤੀਰ ਮਾਰ ਕੇ ਇਹ ਅਸਥਾਨ ਪ੍ਰਗਟ ਕੀਤਾ ਸੀ ।


ਇਹ ਸਾਰਾ ਸਮਾਚਾਰ ਸੁਣ ਕੇ ਸੰਗਤਾਂ ਬਹੁਤ ਹੀ ਅਨੰਦ ਤੇ ਨਿਹਾਲ ਹੋਈਆਂ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ ਪਾ ਦਿਤੀ ਜਿਸ ਨੂੰ ਸੁਣ ਕੇ ਸਾਰਾ ਨਗਰ ਹੀ ਇਥੇ ਆਣ ਇਕੱਤਰ ਹੋਇਆ।

ਇਹ ਅਸਥਾਨ ਉਸ ਵੇਲੇ ਇਕ ਮੁਗਲ ਦੀ ਜ਼ਮੀਨ ਵਿਚ ਸੀ। ਉਕਤ ਸਮਾਚਾਰ ਸੁਣ ਕੇ ਉਹ ਮੁਗਲ ਬਹੁਤ ਡਰਿਆ ਅਤੇ ਗੁਰੂ ਜੀ ਅਗੇ ਬੇਨਤੀ ਕੀਤੀ, 'ਮਹਾਰਾਜ ਜੀ! ਇਹ ਜ਼ਮੀਨ ਮੇਰੀ ਹੈ, ਆਪ ਕਿਰਪਾ ਕਰਕੇ ਹੋਰ ਕਿਤੇ ਚਲੇ ਜਾਉ!' ਅੰਤ ਜਦੋਂ ਇਸ ਨੇ ਸਿਘਾਂ ਅਗੇ ਕੋਈ ਦਾਲ ਗਲਦੀ ਨਾ ਦੇਖੀ ਤਾਂ ਬਾਦਸ਼ਾਹ ਬਹਾਦਰ ਸ਼ਾਹ ਪਾਸ ਜਾ ਫ਼ਰਿਆਦੀ ਹੋਇਆ ਜੋ ਸਾਹਿਬਾਂ ਦੇ ਦਰਸ਼ਨਾਂ ਲਈ ਇਥੇ ਦੀ ਠਹਿਰਿਆ ਹੋਇਆ ਸੀ।


ਦੂਜੇ ਦਿਨ ਜਦੋਂ ਬਾਦਸ਼ਾਹ ਦਰਸ਼ਨਾਂ ਨੂੰ ਆਇਆ ਤਾਂ ਗੁਰੂ ਜੀ ਅਗੇ ਬੇਨਤੀ ਕੀਤੀ, ਮਹਾਰਾਜ ਜੀਉ! ਆਪ ਦਿਆਲੂ ਤੇ ਬਖਸ਼ਿੰਦ ਹੋ। ਇਸ ਮੁਗਲ ਫਰਿਆਦੀ ਤੇ ਵੀ ਰਹਿਮ ਕਰੋ।' ਇਸ ਵੇਲੇ ਉਹ ਮੁਗਲ ਵੀ ਬਾਦਸ਼ਾਹ ਦੇ ਹੁਕਮ ਅਨੁਸਾਰ ਆਪਣੇ ਗਵਾਹ--ਸ਼ਹਿਰ ਦੇ ਮੌਲਵੀ ਮੁਲਾਣੇ--ਲੈ ਕੇ ਇਥੇ ਹਾਜ਼ਰ ਸੀ ਅਤੇ ਇਉਂ ਬੇਨਤੀ ਕਰਨ ਲੱਗਾ, 'ਬਾਦਸ਼ਾਹ ਸਲਾਮਤ! ਇਹ ਜ਼ਮੀਨ ਕਈ ਪੁਸ਼ਤਾਂ ਤੋਂ ਮੇਰੀ ਚਲੀ ਆ ਰਹੀ ਹੈ।'

**॥ ਚੌਪਈ ॥**

ਪੁਸਤੈਨੀ ਇਹ ਥਾਨੁ ਹਮਾਰਾ, ਜਾਨਿਤ ਗਿਰਦ ਨਵਾਇਤ ਸਾਰਾ।
ਬੂਝ ਲੇਇ ਸਭ ਕੋ ਇਸ ਠੋਰੀ, ਜੋ ਛੀਨਿਤ ਕਰ ਸੀਨੇ ਜੋਰੀ।
ਤੇ ਮੇਰੇ ਕਛੁ ਬਸ ਨ ਬਸਾਇ, ਮਾਲਕ ਸਾਹੁ ਸਕਲ ਹੀ ਠਾਇ।
(ਸੂਰਜ ਪ੍ਰਕਾਸ਼)



ਗੁਰਦੁਆਰਾ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ.



ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ।

ਸਾਹਿਬਾਂ ਨੇ ਫੁਰਮਾਇਆ, 'ਸ਼ਾਹ ਜੀ ! ਇਹ ਅਸਥਾਨ ਸਤਿਜੁਗ ਤੋਂ ਸਾਡਾ ਚਲਿਆ ਆ ਰਿਹਾ ਹੈ ਅਤੇ ਇਹਨਾਂ ਦੀ ਤਾਂ ਕੇਵਲ ਸੰਭਾਲ ਹੀ ਹੈ।' ਫਿਰ ਚੋਜੀ ਪ੍ਰੀਤਮ ਜੀ ਨੇ ਸਾਰਿਆਂ ਦੇ ਸਾਮ੍ਹਣੇ ਉਹ ਜਗ੍ਹਾ ਪੁਟਵਾਈ ਅਤੇ ਆਪਣਾ ਸਤਿਜੁਗੀ ਆਸਨ, ਭਸਮ ਦਾ ਢੇਰ, ਪਊਆ, ਕਰਮੰਡਲ ਤੇ ਮਾਲਾ ਕਢਵਾ ਕੇ ਆਪਣਾ ਅਸਥਾਨ ਪ੍ਰਗਟ ਕੀਤਾ, ਜੋ ਤਪ ਤੇਜ ਕਰਕੇ ਉਸੇ ਤਰ੍ਹਾਂ ਕਾਇਮ ਸਨ। ਫਿਰ ਗਰੀਬ ਨਿਵਾਜ ਦਾਤਾ ਜੀ ਨੇ ਪਰਸੰਨ ਹੋ ਕੇ ਉਸ ਤੁਰਕ ਨੂੰ ਇਸ ਅਸਥਾਨ ਤੇ ਮੁਹਰਾਂ ਵਿਛਾ ਕੇ ਬਖਸ਼ੀਆਂ।

॥ ਚੌਪਈ ॥

ਸਭ ਕੋ ਪਤਾ ਦਿਖਾਵਨਾ ਠਾਨਾ। ਅਬ ਤੋ ਹਮਰੋ ਭਯੋ ਸਥਾਨਾ।
ਤਊ ਮੋਲ ਇਸ ਦੇਤ ਮੁਗਲ ਕੋ। ਲੇਕਰ ਦਾਵਾ ਹਰਹਿ ਸਥਲ ਕੋ।
ਕਰੀ ਬਿਛਾਵਨ ਗਨ ਦਿਨਾਰ। ਜਿਹ ਲਗ ਅਬ ਸੋਹੈ ਦਰਬਾਰ।

ਫਿਰ ਗੁਰੂ ਜੀ ਨੇ ਇਸ ਅਸਥਾਨ ਤੋਂ ਚੌਗਿਰਦੇ ਇਕ ਜੋਜਨ ਤਕ ਜ਼ਮੀਨ ਖਰੀਦ ਕੇ ਬੈ-ਨਾਮਾ ਲਿਖਵਾ ਕੇ ਪਟਾ ਕਰਵਾਇਆ ਸੀ।

॥ ਚੌਪਈ ॥

ਬੈਖਿਤ ਤਿਸ ਕਰ ਤੇ ਲਿਖਵਾਯੋ। ਰਾਜੀ ਨਾਮਾ ਸਗਲ ਕਰਾਯੋ।
ਇਕ ਜੋਜਨ ਲਗ ਗੁਰੂ ਸਥਾਨਾ। ਕੌਨ ਕਰੇ ਦਾਵਾ ਲੇਹੁ ਜਾਨਾ।
ਸਗਰੇ ਨਗਰ ਪ੍ਰਗਟ ਭਈ ਗਾਥਾ। ਭੂਮਿ ਮੋਲ ਲੀਨੀ ਗੁਰ ਨਾਥਾ।

(ਸੂਰਜ ਪ੍ਰਕਾਸ਼)

# ਗੁਰਦੁਆਰਾ ਸ੍ਰੀ ਲੰਗਰ ਸਾਹਿਬ ਜੀ

॥ ਦੋਹਿਰਾ ॥

ਸਤਿਗੁਰ ਨਾਨਕ ਦੇਵ ਜੀ, ਕਰੋ ਸਭੀ ਦੁਖ ਨਾਸ।
ਕਿਰਪਾ ਕੀਜੈ ਦਾਸ ਪਰ, ਹੋਵੇ ਬੁਧ ਪ੍ਰਕਾਸ਼।
ਬਾਬਾ ਸੰਤ ਨਿਧਾਨ ਜੀ, ਸੇਵਕ ਗੁਰ ਕੋ ਜਾਨ।
ਖਰਚ ਖਜ਼ਾਨਾ ਗੁਰ ਦੀਉ, ਲੰਗਰ ਚਲੇ ਮਹਾਨ।
ਰਿਧੀਆਂ ਸਿਧੀਆਂ ਬਖਸ਼ੀਆਂ, ਕਲਗੀਧਰ ਗੁਰ ਜਾਣ।
ਖਾਵਹੁ ਖਰਚਹੁ ਤੋਟ ਨਹਿ, ਸੁਣਹੁ ਸੰਤ ਬੁਧਵਾਨ।

॥ ਬੈਂਤ ॥

ਇਸ ਗੱਲ ਦੇ ਵਿਚ ਨਾ ਸ਼ੱਕ ਕਾਈ,
ਲੰਗਰ ਵਰਤਦਾ ਬੇਸ਼ੁਮਾਰ ਭਾਈ।
ਇੰਤਜਾਮ ਸੁਹਣਾ ਨਾ ਕੋਈ ਫਰਕ ਜਾਪੇ,
ਜਸ ਫੈਲਿਆ ਸਾਰੇ ਸੰਸਾਰ ਭਾਈ।
ਸੁਹਣੀ ਜਗਾ ਫੱਬੀ, ਮਾਇਆ ਬਹੁਤ ਲੱਗੀ,
ਲੰਗਰ ਹੋਵੰਦਾ ਜਿਥੇ ਤਿਆਰ ਭਾਈ।
ਤੋਸ਼ੇ ਖਾਨਾ ਇਹ ਗੁਰੂ ਕਾ ਬਹੁਤ ਸੁਹਣਾ,
ਹੈਣ ਬਾਰੀਆਂ ਤੇ ਹਵਾਦਾਰ ਭਾਈ।
ਜਿਥੇ ਸੰਗਤਾਂ ਛਕਨ ਪ੍ਰਸ਼ਾਦਿ ਬਹਿ ਕੇ,
ਸਿਹਨ ਸਾਮ੍ਹਣੇ ਕਰੋ ਦੀਦਾਰ ਭਾਈ।
ਰਸਦਾਇਕ ਲੰਗਰ ਸਦਾ ਛਕੇ ਸੰਗਤ,
ਰਾਤ ਦਿਨ ਦਾ ਨਹੀਂ ਵਿਚਾਰ ਭਾਈ।
ਗਫੇ ਚਾਹ ਦੇ ਵਰਤਦੇ ਰਹਿਣ ਹਰਦਮ,
ਸੰਗਤ ਆਵੰਦੀ ਬੇਸ਼ੁਮਾਰ ਭਾਈ।

ਦੂਰੋਂ ਨੇੜਿਉਂ ਸੰਗਤਾਂ ਬਹੁਤ ਆਵਣ,
ਬੇ-ਸ਼ੁਮਾਰ ਨਾਹੀ ਪਾਰਾਵਾਰ ਭਾਈ ।

ਦਾਨੀ ਦਾਨ ਕਰਦੇ, ਸੇਵਕ ਗੁਰੂ ਘਰ ਦੇ,
ਅੰਤ ਦਾਨੀਆਂ ਦਾ ਕੋਈ ਆਵੰਦਾ ਨਹੀਂ ।

ਧਨੀ ਅਤੇ ਗਰੀਬ ਸਭ ਕਰਨ ਸੇਵਾ,
ਦਰਜਾ ਵਧ ਤੇ ਘਟ ਗਣਾਵੰਦਾ ਨਹੀਂ ।

ਲੱਖਾਂ ਸੈਂਕੜੇ ਤੇ ਪੈਸੇ ਪੰਜ ਵਾਲਾ,
ਇਕੋ ਜਿਹੇ ਨੇ ਝੂਠ ਅਲਾਵੰਦਾ ਨਹੀਂ ।

ਦੇਣ ਸੰਗਤਾਂ ਤੇ ਛਕਨ ਸੰਗਤਾਂ ਸਭ,
ਭੇਦ ਗੱਲ ਦੇ ਵਿਚ ਫਿਰ ਆਵੰਦਾ ਨਹੀਂ ।

ਧੰਨ ਬਾਬਾ ਨਿਧਾਨ ਸਿੰਘ, ਧੰਨ ਸੀ ਤੂੰ,
ਸੇਵਾ ਗੁਰੂ ਦੀ ਦਿਲੋਂ ਕਮਾਈ ਹੈ ਸੀ ।

ਸੇਵਾਦਾਰ ਹੋ ਰਿਹੋਂ ਦਾਤਾਰ ਜੀ ਦਾ,
ਉਮਰ ਨਿਮਰਤਾ ਵਿਚ ਲੰਘਾਈ ਹੈ ਸੀ ।

ਮਿੱਠਾ ਬੋਲਦੇ ਬੋਲ ਜ਼ਬਾਨ ਵਿਚੋਂ,
ਐਸੀ ਸ਼ੀਰੀਂ ਗੁਫਤਾਰ ਬਣਾਈ ਹੈ ਸੀ ।

ਖੀਸਾ ਗੁਰੂ ਜੀ ਦਾ ਖਰਚੇ ਆਪ ਬਾਬਾ,
ਸੇਵਾ ਸੰਗਤਾਂ ਦੀ ਦਿਲੋਂ ਭਾਈ ਹੈ ਸੀ ।

ਸੰਗਤ ਗੁਰੂ ਦੀ ਆਵੇ ਦੀਦਾਰ ਖਾਤਰ,
ਬੈਲ ਗੱਡੀ ਲੈ ਕੇ ਕਰਨ ਧਾਈ ਹੈ ਸੀ ।

ਘਾਲੀ ਘਾਲ ਐਸੀ ਬਾਰਾਂ ਸਾਲ ਬਾਬਾ,
ਪਾਣੀ ਸੰਗਤਾਂ ਤਾਈਂ ਛਕਾਵੰਦੇ ਰਹੇ ।

ਤਨ ਮਨ ਇਹ ਜਾਣ ਕੇ ਗੁਰੂ ਜੀ ਦਾ,
ਆਪਾ ਗੁਰੂ ਦੀ ਭੇਟ ਚੜ੍ਹਾਂਵੰਦੇ ਰਹੇ ।

ਕਿਸੇ ਤਾਈਂ ਨਾ ਬੋਲਿਆ ਬਚਨ ਕੌੜਾ
ਸਭ ਨੂੰ ਏਕਤਾ ਭਾਵ ਸਿਖਾਵੰਦੇ ਰਹੇ।
ਦਰਸ਼ਨ ਕੀਤਿਆਂ ਤਪੇ ਦਿਲ ਸ਼ਾਂਤ ਹੁੰਦੇ,
ਬਾਰਸ਼ ਬਾਣੀ ਦੀ ਸਦਾ ਹੀ ਲਾਵੰਦੇ ਰਹੇ।
ਸੀਤਲ ਸੋਮਾ ਤੇ ਸਾਂਤੀ ਦੇ ਪੁੰਜ ਬਾਬਾ,
ਸੇਵਾ ਭਾਵ ਤੇ ਪਿਆਰ ਸਮਝਾਵੰਦੇ ਰਹੇ।
ਵੈਰੀ ਮੀਤ ਦਾ ਨਹੀਂ ਖਿਆਲ ਕੋਈ,
ਸੇਵਾ ਭਾਈ ਘਨਈਏ ਸਮ ਚਾਹਵੰਦੇ ਰਹੇ।
ਬੇਪਰਵਾਹ ਬਾਬਾ ਬੇਪਰਵਾਹੀ ਤੇਰੀ,
ਦੁਖੀ ਦੀਨਾਂ ਨੂੰ ਗਲੇ ਲਗਾਵੰਦੇ ਰਹੇ।
ਦਾਸ ਕਹੇ 'ਹਰਨਾਮ ਸਿੰਘ' ਕੌਣ ਉਪਮਾ,
ਕੈਸੇ ਨਿਮਰਤਾ ਭਾਵ ਜਤਾਵੰਦੇ ਰਹੇ।

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਥੋੜੀ ਦੂਰ ਸੜਕੇ ਸੜਕ ਗੁਦਾਵਰੀ ਕੰਢੇ ਗੁਰਦੁਆਰਾ ਨਗੀਨਾ ਘਾਟ ਦੇ ਲਾਗੇ ਸਸ਼ੋਭਤ ਹੈ। ਇਹ ਉਹ ਪਾਵਨ ਅਸਥਾਨ ਹੈ ਜਿਥੇ ਦਸਮੇਸ਼ ਪਿਤਾ ਜੀ ਦੇ ਦੱਖਨ ਆਗਮਨ ਤੇ ਖਾਲਸਈ ਫੌਜਾਂ ਦਾ ਲੰਗਰ ਸਜਿਆ ਕਰਦਾ ਸੀ। ਇਸ ਗੁਰੂ ਧਾਮ ਨੂੰ ਮੁੜ ਨਵੇਂ ਸਿਰਿਉਂ ਪਰਗਟ ਕਰ ਅਤੁੱਟ ਦੇਗ ਚਲਾਉਣ ਦਾ ਹੁਕਮ ਸ੍ਰੀ ਮਾਨ ੧੦੮ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਦਸਮੇਸ਼ ਪਿਤਾ ਜੀ ਵਲੋਂ ਉਸ ਸਮੇਂ ਹੋਇਆ ਜਿਸ ਵੇਲੇ ਕਿ ਗੁਰਦੁਆਰਾ ਸੱਚਖੰਡ ਜੀ ਵਿਖੇ ਗੁਰੂ ਕੇ ਲੰਗਰ ਦੀ ਕੇਵਲ ਇਕ ਵੇਲੇ ਹੀ ਹਾਜਰੀ ਹੁੰਦੀ ਸੀ। ਪਹਿਲੇ ਪਹਿਲ, ਜਦੋਂ ਸ੍ਰੀ ਮਾਨ ਸੰਤ ਬਾਬਾ ਜੀ ਨੇ ਇਸ ਅਸਥਾਨ ਆਸਨ ਲਾਏ, ਉਸ ਵੇਲੇ ਇਥੇ ਜੰਗਲ ਹੀ ਜੰਗਲ ਹੁੰਦਾ ਸੀ।

ਹੁਣ ਉਹਨਾਂ ਦੀ ਭਜਨ ਬੰਦਗੀ, ਅਣਥੱਕ ਗੁਰਸੇਵਾ ਅਤੇ ਸਾਹਿਬਾਂ ਦੀ ਕਿਰਪਾ ਦ੍ਰਿਸ਼ਟੀ ਦਾ ਸਦਕਾ ਇਥੇ ਜੰਗਲ ਵਿਚ ਮੰਗਲ ਲਗ ਗਿਆ ਹੈ ਅਤੇ ਅਠੋ ਪਹਿਰ ਖੁਲ੍ਹਾ ਅਤੁੱਟ ਲੰਗਰ ਵਰਤ ਰਿਹਾ ਹੈ। ਸੰਗਤ ਦੇ ਆਰਾਮ ਹਿਤ ਬਹੁਤ ਸਾਰੇ ਸੁੰਦਰ ਕਮਰੇ ਵੀ ਬਣ ਚੁਕੇ ਹਨ। ਸੇਵਾ ਦੇ ਪੁੰਜ ਸ੍ਰੀ ਮਾਨ ਬਾਬਾ ਜੀ ਨੇ ਜਿਥੇ ਕਈ ਗੁਪਤ ਅਸਥਾਨ ਪਰਗਟ ਕਰਕੇ ਭਾਰੀ ਉਪਕਾਰ ਕੀਤਾ ਹੈ, ਉਥੇ ਉਹਨਾਂ ਨੇ 'ਤੇਰੇ ਭਾਣੇ ਸਰਬਤ ਕਾ ਭਲਾ' ਦੇ ਮਹਾਂਵਾਕ ਅਨੁਸਾਰ ਨਗੀਨਾ ਘਾਟ, ਅਤੇ ਨਗੀਨਾ ਘਾਟ ਰੋਡ ਦਾ ਅਰੰਭ ੧੯੪੫ ਈ: ਵਿਚ ਕੀਤਾ ਸੀ। ਕਾਸ਼! ਇਹ ਮਹਾਨ ਸੇਵਾ ਸੰਪੂਰਨ ਹੋਣ ਤੋਂ ਪਹਿਲਾਂ ਹੀ ਸ੍ਰੀ ਦਸਮੇਸ਼ ਪਿਤਾ ਜੀ ਨੇ ਉਹਨਾਂ ਨੂੰ ਆਪਣੀ ਹਜ਼ੂਰੀ ਵਿਚ ਬੁਲਾ ਲਿਆ, ਅਤੇ ਸ੍ਰੀ ਮਾਨ ਸੰਤ ਬਾਬਾ ਜੀ ੪ ਅਗਸਤ ੧੯੪੭ ਰਾਤ ਦੇ ਪੌਣੇ ਨੌਂ ਵਜੇ ਜੋਤੀ ਜੋਤ ਸਮਾ ਗਏ।

ਆਪ ਜੀ ਦੇ ਸਚਖੰਡ ਪਯਾਨਾ ਕਰਨ ਵੇਲੇ, ਅਕਾਸ਼ ਵਿਚ ਬੜਾ ਭਾਰੀ ਪ੍ਰਕਾਸ਼ ਹੋਇਆ ਸੀ, ਜੋ ਸਾਧ ਸੰਗਤ ਅਤੇ ਲੱਖਾਂ ਹੀ ਦੂਰ ਦੂਰ ਤਕ ਲੋਕਾਂ ਨੇ ਅਖੀਂ ਵੇਖਿਆ, ਅਤੇ ਆਪ ਜੀ ਦੇ ਸ਼ਰੀਰ ਤਿਆਗਨ ਨਾਲ ਹੀ ਚਾਨਣਾ ਝਟ ਅਲੋਪ ਹੋ ਗਿਆ।

੫ ਅਗਸਤ ੧੯੪੭ ਦਿਨ ਮੰਗਲਵਾਰ ਨੂੰ ਸਾਰੇ ਸ਼ਹਿਰ ਵਾਸੀਆਂ ਨੇ ਸੋਗ ਵਜੋਂ ਹੜਤਾਲ ਕੀਤੀ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਇਕੱਤਰ ਹੋ ਕੇ ਆਪ ਜੀ ਦਾ ਬਿਬਾਨ ਵਿਚ ਭਾਰੀ ਜਲੂਸ ਕਢਿਆ। ਇਹ ਅਲੌਕਿਕ ਤੇ ਸੁੰਦਰ ਨਜ਼ਾਰਾ ਬਹੁਤ ਹੀ ਦੇਖਣ ਯੋਗ ਸੀ।

੧੩ ਅਗਸਤ ੧੯੪੭ ਦਿਨ ਬੁਧਵਾਰ ਨੂੰ ਗੁਰਦੁਆਰਾ ਲੰਗਰ ਸਾਹਿਬ ਜੀ ਵਿਖੇ ਆਪ ਜੀ ਦਾ ਦਸਵਾਂ ਮਨਾਇਆ

ਗਿਆ। ਸਵੇਰੇ ੪ ਵਜੇ ਜਲੂਸ ਕਢ ਕੇ ਆਪ ਜੀ ਦੇ ਫੂਲ ਗੁਦਾਵਰੀ ਨਦੀ ਵਿਚ ਜਲ ਪ੍ਰਵਾਹ ਕੀਤੇ ਗਏ। ੯ ਵਜੇ ਗੁਰੂ ਮਹਾਰਾਜ ਦੀ ਪਾਵਨ ਹਜ਼ੂਰੀ ਵਿਚ ਦੀਵਾਨ ਸਜਿਆ, ਜਿਸ ਵਿਚ ਸ਼ਹਿਰ ਦੇ ਹਿੰਦੂ ਮੁਸਲਮਾਨ ਪਤਵੰਤੇ, ਜਿਲਾ ਕੁਲੈਕਟਰ ਸਾਹਿਬ, ਅਤੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਦਰਸ਼ਨ ਦਿਤੇ। 'ਸਾਧ ਕੀ ਮਹਿਮਾ ਬੇਦ ਨਾ ਜਾਨਹਿ' ਦੇ ਮਹਾਂਵਾਕ ਅਨੁਸਾਰ ਬੜੇ ਬੜੇ ਗੁਣੀ ਗਿਆਨੀਆਂ ਨੇ ਆਪ ਜੀ ਦੇ ਪਵਿੱਤਰ ਜੀਵਨ ਅਤੇ ਪਰ-ਉਪਕਾਰ ਵਰਨਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। 'ਚਰਨ ਭਏ ਸੰਤ ਬੋਹਿਥਾ ਤਰੇ ਸਾਗਰ ਜੇਤ' ਜਿਥੇ ਆਪ ਜੀ ਨੇ ਹਜ਼ਾਰਾਂ ਹੀ ਕਲਜੁਗੀ ਜੀਵਾਂ ਦਾ ਉਧਾਰ ਕੀਤਾ ਹੈ, ਉਥੇ ਦਾਸ ਦੇ 'ਗੁਣ ਅਵਗੁਣ ਮੇਰਾ ਕਛੁ ਨਾ ਬਿਚਾਰਿਓ' ਔਗੁਣਾਂ ਨੂੰ ਨਾ ਵੇਖਦੇ ਹੋਏ ਬਚਪਨ ਤੋਂ ਮਿਹਰ ਤੇ ਕਿਰਪਾ ਦ੍ਰਿਸ਼ਟੀ ਕਰ, 'ਆਪੇ ਸੇਵਾ ਲਾਇਅਨੁ ਆਪੇ ਬਖਸ਼ ਕਰੇਇ' ਹੁਣ ਤਕ ਆਪਣੇ ਚਰਨ ਕੰਵਲਾਂ ਨਾਲ ਲਾਇ ਰਖਿਆ ਹੈ। ਸੋ ਇਸੇ ਦਿਨ ਪੰਜ ਪਿਆਰੇ ਸਾਹਿਬਾਨ ਅਤੇ ਸਰਬਤ ਮੈਂਬਰ ਸਾਹਿਬਾਨ ਕਮੇਟੀ, ਤਖਤ ਸ੍ਰੀ ਸਚਖੰਡ ਸਾਹਿਬ ਅਤੇ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਦੇ ਨਿਹੰਗ ਸਿੰਘਾਂ ਦੇ ਪੂਰਨ ਜਥੇ ਨੇ ਦੀਵਾਨ ਵਿਚ ਇਕੱਤਰ ਹੋ ਕੇ ਸਰਬ ਸੰਮਤੀ ਨਾਲ ਗੁਰਦੁਆਰਾ ਲੰਗਰ ਸਾਹਿਬ ਜੀ ਦੀ ਮਹਾਨ ਸੇਵਾ ਦਾਸ ਨੂੰ ਬਖਸ਼ੀ।

'ਜਿਸਕਾ ਕਾਰਜ ਤਿਨ ਹੀ ਕੀਆ ਮਾਨਸ ਕਿਆ ਵੇਚਾਰਾ ਰਾਮ' ਦੇ ਮਹਾਂਵਾਕ ਅਨੁਸਾਰ ਇਹੋ ਜਿਹੇ ਮਹਾਨ ਕਾਰਜ ਗੁਰੂ ਮਹਾਰਾਜ ਆਪ ਹੀ ਨਿਭਾ ਕੇ ਸੇਵਕਾਂ ਨੂੰ ਨਿਵਾਜਦੇ ਹਨ। ਫਿਰ ਭੀ ਇਹਨਾਂ ਗੁਰਮੁਖਾਂ ਦੀ ਅਤੁੱਟ ਘਾਲਣਾ ਤੇ ਅਨਥੱਕ ਗੁਰਸੇਵਾ ਬਹੁਤ ਹੀ ਸ਼ਲਾਘਾ ਯੋਗ ਹੈ, ਜਿਹੜੇ ਬਚਪਨ ਤੋਂ ਹੀ ਆਪਣੇ

ਕੀਮਤੀ ਜੀਵਨ ਗੁਰੂ ਜੀ ਨੂੰ ਅਰਪਨ ਕਰਕੇ ਹੁਣ ਤਕ ਉਸੇ ਤਰ੍ਹਾਂ ਤਨੋਂ ਮਨੋਂ ਸੇਵਾ ਕਮਾ ਰਹੇ ਹਨ। ਦਾਸ ਇਹਨਾਂ ਦਾ ਅਤੀ ਧੰਨਵਾਦੀ ਹੈ :--

## ਮੁਖੀ ਸੇਵਕ

1) ਬਾਬਾ ਸਿੰਦਰ ਸਿੰਘ ਜੀ 'ਮਹੰਤ'
2) ਬਾਬਾ ਬਹਾਲ ਸਿੰਘ ਜੀ
3) ਬਾਬਾ ਸ਼ੇਰ ਸਿੰਘ ਜੀ
4) ਬਾਬਾ ਨਿਹਾਲ ਸਿੰਘ ਜੀ
5) ਭਾਈ ਸ਼ਰਮ ਸਿੰਘ ਜੀ ਮਿਸਤ੍ਰੀ
6) ਭਾਈ ਸੰਤੋਖ ਸਿੰਘ ਜੀ, ਮਨਮਾੜ
7) ਭਾਈ ਹਜ਼ੂਰਾ ਸਿੰਘ ਜੀ
8) ਸੰਤ ਅਜੈਬ ਸਿੰਘ ਜੀ
9) ਭਾਈ ਬਲਵਿੰਦਰ ਸਿੰਘ ਜੀ
10) ਭਾਈ ਸਰਦਾਰਾ ਸਿੰਘ ਜੀ
11) ਭਾਈ ਹਰਜਿੰਦਰ ਸਿੰਘ ਜੀ 'ਡਾਕਟਰ'
12) ਭਾਈ ਪਾਲ ਸਿੰਘ ਜੀ
13) ਭਾਈ ਸ਼ਿੰਗਾਰਾ ਸਿੰਘ ਜੀ
14) ਭਾਈ ਗੁਰਨਾਮ ਸਿੰਘ ਜੀ
15) ਭਾਈ ਅਨੂਪ ਸਿੰਘ ਜੀ
16) ਭਾਈ ਵਰਿਆਮ ਸਿੰਘ ਜੀ
17) ਭਾਈ ਜੋਗਾ ਸਿੰਘ ਜੀ 'ਫੱਕਰ
18) ਭਾਈ ਗੰਗਾ ਸਿੰਘ ਜੀ
19) ਭਾਈ ਸੇਵਾ ਸਿੰਘ ਜੀ
20) ਭਾਈ ਜੋਗਿੰਦਰ ਸਿੰਘ ਜੀ
21) ਗਿ: ਬਲਵੰਤ ਸਿੰਘ ਜੀ
22) ਭਾਈ ਨਰਿੰਦਰ ਸਿੰਘ ਜੀ

ਹੁਣ ਧਰਮ ਮੂਰਤੀ ਸੱਚਖੰਡ ਵਾਸੀ ਸ੍ਰੀ ਮਾਨ ੧੦੮ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਅੰਗੀਠਾ ਗੁ: ਲੰਗਰ ਸਾਹਿਬ ਜੀ ਦੇ ਨਿਸ਼ਾਨ ਸਾਹਿਬ ਦੇ ਨਾਲ ਹੀ ਸਾਮ੍ਹਣੇ ਸੜਕ ਵਾਲੇ ਪਾਸੇ ਸੁਸ਼ੋਭਤ ਹੈ। ਆਪ ਜੀ ਪਹਿਲਾਂ ਇਸੇ ਥਾਂ ਤੇ ਇਕਤਾਰੇ ਨਾਲ 'ਬੋਲਹੁ ਜਸ


ਜਿਹਬਾ ਦਿਨ ਰਾਤ' ਸਾਹਿਬਾਂ ਦੇ ਇਸ ਅਰਸ਼ੀ ਹੁਕਮਨਾਮੇ ਨੂੰ ਮਨ ਵਿਚ ਵਸਾ ਕੇ ਨਾਮ ਸਿਮਰਨ ਤੇ ਪਰੇਮ ਭਗਤੀ ਦਾ ਅਕਹਿ ਰਸ ਮਾਣਦਿਆਂ ਸਾਰੀ ਸਾਰੀ ਰਾਤ ਬੈਠਿਆਂ ਗੁਜ਼ਾਰ ਦਿੰਦੇ ਸਨ।

## ਗੁਰਦੁਆਰਾ ਲੰਗਰ ਸਾਹਿਬ ਦੀ ਨਿਤ ਕ੍ਰਿਤ

ਅੰਮ੍ਰਿਤ ਵੇਲੇ ਤਿੰਨ ਵਜਦੇ ਹੀ ਗ੍ਰੰਥੀ ਸਿੰਘ ਜੀ, ਰਾਗੀ ਸਿੰਘ ਜੀ, ਲਾਂਗਰੀ ਸਿੰਘ ਜੀ, ਸੋਚ ਇਸ਼ਨਾਨ ਪਿਛੋਂ ਆਪਣੀ ਆਪਣੀ ਸੇਵਾ ਤੇ ਡਟ ਜਾਂਦੇ ਹਨ। ਨਗਾਰੇ ਤੇ ਚੋਟ ਪੈਂਦਿਆਂ ਹੀ ਅਰਦਾਸ ਬੇਨਤੀ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਜਾਂਦੇ ਹਨ। ਉਪ੍ਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪੈਣ ਤੇ ਰਾਗੀ ਸਿੰਘ ਜੀ ਹੁਕਮ ਨਾਮਾ ਸਰਵਨ ਕਰ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕਰਦੇ ਹਨ, ਜਿਦ੍ਹੇ ਭੋਗ ਪੈਣ ਤੇ ੭ ਵਜੇ ਅਰਦਾਸ ਬੇਨਤੀ ਪਿਛੋਂ ਗੁਰੂ ਮਹਾਰਾਜ ਜੀ ਦੇ ਹੁਕਮਨਾਮੇ ਲਏ ਜਾਂਦੇ ਹਨ। ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ ਅਤੇ ਨਾਲ ਹੀ ਸੰਗਤਾਂ ਆਪਣੀ ਸ਼ਰਧਾ ਅਨੁਸਾਰ ਮਾਇਆ ਹਜ਼ੂਰੀ ਵਿਚ ਭੇਟਾ ਕਰਕੇ ਅਰਦਾਸੇ ਸੁਧਾਉਂਦੀਆਂ ਹਨ। ਜੇ ਕਿਸੇ ਪਰੇਮੀ ਨੇ ਪਾਠ ਰਖਾਉਣਾ ਹੋਵੇ ਤਾਂ ਉਹ ਭੀ ਇਸੇ ਵੇਲੇ ਅਰਦਾਸ ਪਿਛੋਂ ਅਰੰਭ ਹੁੰਦਾ ਹੈ। ਇੰਨੇ ਨੂੰ ਚਾਹ ਦੀਆਂ ਦੇਗਾਂ ਤਿਆਰ ਹੋ ਜਾਂਦੀਆਂ ਹਨ। ਸੰਗਤਾਂ ਗਰਮ ਚਾਹ ਛਕ ਕੇ ਸ੍ਰੀ ਸਚਖੰਡ ਸਾਹਿਬ ਜੀ ਤੇ ਹੋਰ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਚਲੀਆਂ ਜਾਂਦੀਆਂ ਹਨ। ੧੨ ਕੁ ਵਜੇ ਗੁਰੂ ਕਾ ਲੰਗਰ ਖੁਲ੍ਹ ਜਾਂਦਾ ਹੈ, ਜੋ ਸ਼ਾਮ ਛੇ ਵਜੇ ਤਕ ਵਰਤਦਾ ਹੈ। ਸ਼ਾਮ ਅੱਠ ਵਜੇ ਰਹਿਰਾਸ, ਆਰਤੀ ਦੇ ਭੋਗ ਪੈਣ ਤੇ ਲੰਗਰ ਖੁਲ੍ਹ ਜਾਂਦਾ ਹੈ। ਰਾਤ ਨੂੰ ਆਈ ਸੰਗਤ ਲੰਗਰ



ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ



ਗੁਰਦੁਆਰਾ ਨਗੀਨਾ ਘਾਟ ਸਾਹਿਬ ਜੀ ਦੀ ਨਵੀਂ ਬਣ ਰਹੀ ਇਮਾਰਤ

ਛਕ ਜਾ ਕਮਰਿਆਂ ਵਿਚ ਰੈਣ ਬਿਸਰਾਮ ਕਰਦੀ ਹੈ। ਗੁਰੂ ਕਾ ਲੰਗਰ ਅਠੋ ਪਹਿਰ ਚਵੀ ਘੰਟੇ ਖੁਲ੍ਹਾ ਰਹਿੰਦਾ ਹੈ।

## ਗੁਰਦੁਆਰਾ ਨਗੀਨਾ ਘਾਟ ਸਾਹਿਬ

॥ ਬੈਂਤ ॥

ਇਕ ਸਿਖ ਵਣਜਾਰਾ ਸੀ ਗੁਰੂ ਜੀ ਦਾ,
ਆਇਆ ਗੁਰਾਂ ਦਾ ਕਰਨ ਦੀਦਾਰ ਭਾਈ।
ਭੇਟ ਕੀਤਾ ਨਗੀਨਾ ਉਸ ਗੁਰੂ ਜੀ ਨੂੰ,
ਜਿਦ੍ਹੀ ਕੀਮਤ ਸੀ ਲੱਖ ਹਜ਼ਾਰ ਭਾਈ।
ਮਨ ਵਿਚ ਉਸਦੇ ਬੜਾ ਹੰਕਾਰ ਹੋਇਆ,
ਸਿਖ ਹੋਇਗਾ ਕੋਈ ਸੰਸਾਰ ਭਾਈ।
ਮੇਰੇ ਨਾਲ ਗੁਰ ਕਰਨ ਪਿਆਰ ਬਹੁਤਾ,
ਇਹ ਕੁਝ ਰਿਹਾ ਸੀ ਦਿਲ ਵਿਚਾਰ ਭਾਈ।
ਜਾਣੀ ਜਾਣ ਗੁਰ ਦਿਲਾਂ ਦੀ ਜਾਣ ਗਏ ਨੇ,
ਮਨ ਵਿਚ ਸਿਖ ਦੇ ਬੜਾ ਹੰਕਾਰ ਭਾਈ।
ਰੁੜ੍ਹਦਾ ਜਾਂਵਦਾ ਵੇਖ ਕੇ ਸਿਖ ਤਾਈਂ,
ਕਰਨ ਲਗੇ ਹੁਣ ਭਵਜਲੋਂ ਪਾਰ ਭਾਈ।
ਨਗੀਨਾ ਹੱਥ ਵਿਚ ਲੈ ਕੇ ਸੁੱਟਿਆ ਏ,
ਡਿੱਗਾ ਜਾਇਕੇ ਨਦੀ ਵਿਚਕਾਰ ਭਾਈ।
'ਹਰਨਾਮ ਸਿੰਘ' ਉਹ ਸਿਖ ਪਛਤਾਣ ਲੱਗਾ,
ਪਸ਼ੇਮਾਨ ਤੇ ਹੋਇਆ ਲਾਚਾਰ ਭਾਈ।
ਆ ਗਏ ਮਿਹਰ ਦੇ ਘਰ ਵਿਚ ਗੁਰੂ ਸੱਚੇ,
ਸੁੰਦਰ ਮੁਖ 'ਚੋਂ ਫਿਰ ਫੁਰਮਾਇਆ ਏ।
ਨਗੀਨਾ ਘਾਟ ਇਹ ਜਗ੍ਹਾ ਮਸ਼ਹੂਰ ਹੋਸੀ,
ਇਸੇ ਲਈ ਨਗੀਨਾ ਸੁਟਾਇਆ ਏ।

ਧੰਨ ਧੰਨ ਸਭ ਸੰਗਤਾਂ ਕਹਿਣ ਮੁਖ ਥੀਂ,
ਚੋਜੀ ਪ੍ਰੀਤਮ ਨੇ ਚੋਜ ਵਰਤਾਇਆ ਏ।
ਸਚੇ ਪਾਤਸ਼ਾਹ ਸਿਖ ਨਿਹਾਲ ਕੀਤਾ,
ਨਾਲੇ 'ਸਿੰਘ ਹਰਨਾਮ' ਬਖਸ਼ਾਇਆ ਏ।

## ॥ ਚੌਪਈ ॥

ਨਗੀਨਾ ਘਾਟ ਇਹ ਅਬ ਤਕ ਨਾਮੰ, ਮਸ਼ਹੂਰ ਹੈ ਜਗ ਗੁਰ ਧਾਮੰ।
ਨਦੀ ਕਿਨਾਰਾ ਛਬ ਦਿਖਰਾਵੈ, ਸ੍ਰੀ ਸਤਿਗੁਰ ਕਾ ਤਖਤ ਸੁਹਾਵੈ।
ਝੂਲਤ ਸ੍ਰੀ ਗੁਰੂ ਐਸ ਨਿਸ਼ਾਨ, ਜਿਸ ਸਮ ਨਾਹਿ ਜਗਤ ਮਹਿ ਆਨ।
ਝੁੰਡ ਬਿਰਛਨ ਕੇ ਖੜੇ ਅਡੋਲੇ, ਭਾਂਤ ਭਾਂਤ ਪੰਛੀ ਗਨ ਬੋਲੇ।
ਸੁੰਦਰ ਪੌੜ ਘਾਟ ਛਬ ਦੇਵੈ, ਕਰ ਇਸ਼ਨਾਨ ਸਭ ਕੋ ਹਰਖੇਵੈ।
ਸੰਤ ਨਿਧਾਨਸਿੰਘ ਪਰਉਪਕਾਰੀ, ਸਤਿਗੁਰ ਸੇਵਾ ਬਹੁਤ ਪਿਆਰੀ।
ਬੀਚ ਖੜੇ ਹੋਇ ਕਾਰ ਕਰਾਈ, ਸੰਗਤ ਧੰਨ ਧੰਨ ਮੁਖੋਂ ਅਲਾਈ।
ਸੁੰਦਰ ਐਸੰ ਪੌੜ ਬਨਾਇਉ, ਸਾਧ ਸੰਗਤ ਸੇਵਾ ਮਨ ਭਾਇਉ।
ਕਰੇ ਕਾਰ ਜਬ ਛਡੇ ਜੈਕਾਰਾ, ਗੂੰਜ ਉਠੇ ਸਭ ਨਦੀ ਕਿਨਾਰਾ।
ਸੇਵ ਕਰੇ ਸੰਗਤ ਸਮੁਦਾਈ, ਹੋਇ ਇਕੱਤ੍ਰ ਸਭ ਮਾਈ ਭਾਈ।
ਘਾਟ ਨਗੀਨਾ ਦਰਸ ਅਪਾਰਾ,ਕਹੇ 'ਹਰਨਾਮਸਿੰਘ'ਅਜਬ ਨਜ਼ਾਰਾ।

ਇਹ ਅਸਥਾਨ ਗੁ: ਲੰਗਰ ਸਾਹਿਬ ਦੇ ਨਾਲ ਹੀ ੫੦ ਕੁ ਗਜ਼ ਦੀ ਵਿਥ ਤੇ ਨਦੀ ਕੰਢੇ ਸਸ਼ੋਭਤ ਹੈ। ਇਥੇ ਸ਼ਾਮ ਦੇ ਦੀਵਾਨ ਵਿਚ ਗੁਰੂ ਜੀ ਦਰਸ਼ਨ ਬਖਸ਼ ਕੇ ਨਿਹਾਲ ਕਰਦੇ ਸਨ। ਇਕ ਦਿਨ ਸਜੇ ਦੀਵਾਨ ਵਿਚ ਇਕ ਗੁਰ ਸਿਖ, ਲੱਖੀ ਵਣਜਾਰੇ ਨੇ ਇਕ ਬਹੁਮੁੱਲਾ ਨਗੀਨਾ, ਸਾਹਿਬਾਂ ਦੀ ਭੇਟ ਆਣ ਧਰਿਆ, ਅਤੇ ਹੰਕਾਰ ਦੇ ਹੜ੍ਹ ਵਿਚ ਗੋਤੇ ਖਾ ਰਿਹਾ ਇਹ ਗੁਰ ਸਿਖ ਮਨ ਹੀ ਮਨ ਵਿਚ ਬੜੀਆਂ ਗਿਣਤੀਆਂ ਗਿਣ ਰਿਹਾ ਸੀ। ਏਨੇ ਨੂੰ ਸਾਹਿਬਾਂ ਨੇ ਆਪਣੇ ਅੰਮ੍ਰਿਤ ਵਰਸਾਉਣ ਵਾਲੇ ਨੈਣ ਖੋਲ੍ਹੇ, ਅਤੇ ਫਕੀਰਾਨਾ


ਬੇਪਰਵਾਹੀ ਵਿਚ ਉਹ ਨਗੀਨਾ ਵਗਦੀ ਨਦੀ ਵਿਚ ਸੁੱਟ ਦਿਤਾ। ਇਹ ਵੇਖ ਉਸ ਗੁਰਸਿਖ ਦਾ ਦਿਲ ਧੂਹਿਆ ਗਿਆ, 'ਜੋ ਸਾਹਿਬਾਂ ਨੂੰ ਨਗੀਨੇ ਦੀ ਪਰਖ ਨਹੀਂ ਹੋਈ।' ਅੰਤਰਜਾਮੀ ਦਾਤਾ ਜੀ ਨੇ ਗੁਰ ਸਿਖ ਦੀ ਦਸ਼ਾ ਅਨਭਵ ਕਰਕੇ, ਨਦੀ ਵਿਚੋਂ ਆਪਣਾ ਨਗੀਨਾ ਕਢ ਲਿਆਉਣ ਦੀ ਆਗਿਆ ਦਿਤੀ। ਹੁਕਮ ਮੰਨ ਕੇ ਜਦੋਂ ਉਸ ਨੇ ਨਦੀ 'ਚੋਂ ਬੁੱਕ ਭਰ ਕੇ ਬਾਹਰ ਕਢਿਆ ਤਾਂ ਆਪਣੇ ਹੱਥਾਂ ਵਿਚ ਬਹੁਤ ਬਹੁਮੁੱਲੇ ਨਗੀਨੇ ਦੇਖ ਬੜਾ ਸ਼ਰਮਸਾਰ ਹੋਇਆ ਅਤੇ ਸਾਹਿਬਾਂ ਪਾਸੋਂ ਆਪਣੀ ਭੁਲ ਬਖਸ਼ਾਈ। ਇਸ ਅਸਥਾਨ ਦੀ ਸ਼ਾਨਦਾਰ ਇਮਾਰਤੀ ਸੇਵਾ ਸੁਰਗਵਾਸੀ ਰਾਜਾ ਗੁਲਾਬ ਸਿੰਘ ਜੀ ਸੇਠੀ ਦਿੱਲੀ ਵਾਲਿਆਂ ਨੇ ਕਰਵਾਈ ਸੀ। ਇਸ ਇਮਾਰਤ ਦੇ ਹੜ੍ਹਾਂ ਕਾਰਨ ਜ਼ਮੀਨ ਵਿਚ ਧਸਣ ਕਰਕੇ, ਢਾਹ ਕੇ ਨਵੇਂ ਸਿਰਿਉਂ ਬਣਾਉਣ ਦੀ ਸੇਵਾ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਵਲੋਂ ਅਰਭ ਕੀਤੀ ਗਈ ਹੈ। ਅਤੇ ਇਸ ਦੇ ਨਾਲ ਲਗਦੇ ਘਾਟ ਤੇ ਸੜਕ ਦੀ ਸੇਵਾ ਸ੍ਰੀ ਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਕਰਾਈ ਸੀ।

# ਗੁਰਦੁਆਰਾ ਬੰਦਾ ਘਾਟ ਸਾਹਿਬ


॥ ਬੈਂਤ ॥

ਚੋਜੀ ਪ੍ਰੀਤਮ ਜੀ ਚੋਜ ਬੇਅੰਤ ਕਰਦੇ,
ਇਕ ਦਿਨ ਨਵਾਂ ਹੀ ਚੋਜ ਵਰਤਾਵੰਦੇ ਨੇ।
ਸ਼ਸਤ੍ਰ ਬਸਤ੍ਰ ਸਜਾਇਕੇ ਤਿਆਰ ਹੋਇ,
ਜਿਗ੍ਹਾ ਸੂਹਣੀ ਫਿਰ ਸੀਸ ਸਜਾਵੰਦੇ ਨੇ।
ਘੋੜੇ ਦਲ ਸ਼ਿੰਗਾਰ ਸਵਾਰ ਹੋ ਕੇ,
ਹੁਕਮ ਸੈਰ ਦਾ ਗੁਰੂ ਫੁਰਮਾਵੰਦੇ ਨੇ।
ਚੜ੍ਹੇ ਸੂਰਮੇ ਸਿੰਘ ਦਲੇਰ ਬਾਂਕੇ,
ਰਾਮ ਜੰਗਿਆਂ ਤਾਈਂ ਉਠਾਵੰਦੇ ਨੇ।
'ਹਰਨਾਮ ਸਿੰਘ' ਕਹੇ ਗੁਰਾਂ ਦੀ ਸ਼ਿਫਤ ਕਿਹੜੀ,
ਕੌਤਕ ਨਵੇਂ ਤੋਂ ਨਵੇਂ ਰਚਾਵੰਦੇ ਨੇ।

ਕੁਝ ਦੂਰ ਜਦ ਗਏ ਦਸਮੇਸ਼ ਗੁਰ ਜੀ,
ਇਕ ਬਾਗ ਨੂੰ ਜਾਇ ਤਕਾਇਆ ਸਿੰਘਾਂ ।
ਵਾਹੋ ਦਾਹ ਕਰ ਕੇ ਨੇੜੇ ਜਾਇ ਪਹੁੰਚੇ,
ਸ਼ਾਨ ਵੇਖ ਕੇ ਚਿਤ ਹਰਖਾਇਆ ਸਿੰਘਾਂ ।
ਅੰਦਰ ਬਾਗ ਦੇ ਜਾਇਕੇ ਜੋਧਿਆਂ ਨੇ,
ਘੋੜੇ ਛਡ ਕੇ ਆਸਨ ਲਗਾਇਆ ਸਿੰਘਾਂ ।
ਸੁਹਣੇ ਪਲੰਗ ਤੇ ਸਤਿਗੁਰੂ ਜਾਇ ਬੈਠੇ,
ਆਏ ਸੂਰਿਆਂ ਸੀਸ ਝੁਕਾਇਆ ਸਿੰਘਾਂ ।
ਘੋੜੇ ਹਿਣਕਦੇ ਬਾਗ ਵਿਚ ਫਿਰਨ ਭੱਜੇ,
ਤੋੜ ਤੋੜ ਕੇ ਫਲ ਵਰਤਾਇਆ ਸਿੰਘਾਂ ।
ਦੇਗ ਗੁਰੂ ਦੀ ਝੱਟ ਤਿਆਰ ਹੋਈ,
ਪੰਗਤ ਲਾਇਕੇ ਲੰਗਰ ਛਕਾਇਆ ਸਿੰਘਾਂ ।
ਤੇਰੇ ਬਾਗ ਨੂੰ ਇਹਨਾਂ ਉਜਾੜ ਦਿਤਾ,
ਚੇਲੇ ਆਇਕੇ ਹਾਲ ਸੁਣਾਵੰਦੇ ਨੇ ।
ਸਾਡੇ ਵਰਜਿਆਂ ਮੂਲ ਨਾ ਰਹਿਣ ਬਾਬਾ,
ਉਚੀ ਹੋਇਕੇ ਰੌਲੀਆਂ ਪਾਵੰਦੇ ਨੇ ।
ਇਕ ਤੇਰੇ ਪਲੰਗ ਤੇ ਜਾਇ ਬੈਠਾ,
'ਸੱਚਾ ਪਾਤਸ਼ਾਹ' ਉਸ ਨੂੰ ਬੁਲਾਵੰਦੇ ਨੇ ।
ਮੱਥਾ ਚੰਦ ਵਰਗਾ ਕਲਗੀ ਡਲ੍ਹਕਦੀ ਏ,
ਕਲਾਵਾਨ ਬਹੁਤੇ ਨਿਗ੍ਹਾ ਆਵੰਦੇ ਨੇ ।
ਝਮ ਝਮ ਚਮਕਦੀ ਹੱਥ ਤਲਵਾਰ ਉਹਦੇ,
ਬਾਬਾ ਬਿਜਲੀ ਨੂੰ ਮਾਤ ਪਾਵੰਦੇ ਨੇ ।
ਅਜ ਤੋੜੀ ਤਾਂ ਅਸਾਂ ਨੇ ਵੇਖਿਆ ਨਹੀਂ,
ਚੇਲੇ ਸ਼ਹਿਨਸ਼ਾਹ ਪਏ ਬੁਲਾਵੰਦੇ ਨੇ ।



ਗੁਰਦੁਆਰਾ ਬੰਦਾ ਘਾਟ ਸਾਹਿਬ



ਗੁਰਦੁਆਰਾ ਸੰਗਤ ਸਾਹਿਬ

ਮਾਧੋ ਦਾਸ ਸੁਣ ਅਗ ਬਘੋਲਾ ਹੋਇਆ,
ਹੁਕਮ ਬੀਰਾਂ ਦੇ ਤਾਈਂ ਸੁਣਾਵੰਦਾ ਈ।
ਵੇਖੋ ਕੌਣ ਬੇਖਬਰ ਹੋ ਆਇ ਬੈਠਾ,
ਮੇਰੇ ਨਾਮ ਨੂੰ ਦਿਲੋਂ ਭੁਲਾਵੰਦਾ ਈ।
ਉਸ ਨੂੰ ਮਾਰੋ ਉਲਟਾਏ, ਨਾ ਦੇਰ ਲਾਵੋ,
ਹੁਕਮ ਬੀਰਾਂ ਦੇ ਤਾਈਂ ਚੜ੍ਹਾਵੰਦਾ ਈ।
ਝਟ ਜਾਇ ਪਲੰਗ ਨੂੰ ਕਰੋ ਮੂਧਾ,
ਢੰਗ ਇਸ ਤਰ੍ਹਾਂ ਪਿਆ ਸਮਝਾਵੰਦਾ ਈ।
ਜਾ ਕੇ ਬੀਰਾਂ ਨੇ ਜ਼ੋਰ ਅਜ਼ਮਾਈ ਕੀਤੀ,
ਹਿੱਲੇ ਪਲੰਗ ਨਾ, ਕਰ ਪੁਕਾਰ ਆਏ।
ਫਿਰ ਹੋਰ ਆਏ, ਫਿਰ ਹੋਰ ਆਏ,
ਕੰਮ ਸਰੇ ਨਾ ਵਾਰ ਕਰ ਵਾਰ ਆਏ।
ਸਭੇ ਰਿਧੀਆਂ ਸਿਧੀਆਂ ਭੁਲ ਗਈਆਂ,
ਕਿਉਂਕਿ ਹੋਇਕੇ ਬੀਰ ਲਾਚਾਰ ਆਏ।
ਜਤਨ ਸਾਧ ਨੇ ਹੱਦ ਬੇਹੱਦ ਕੀਤੇ,
ਜਾਦੂ ਜੰਤਰਾਂ ਭਰਮ ਨਿਵਾਰ ਆਏ।
ਹੱਥ ਪੱਲੇ ਜਦ ਵੇਖਿਆ ਰਿਹਾ ਕੁਝ ਨਹੀਂ,
ਬਾਜ਼ੀ ਅੰਤ ਨੂੰ ਸੰਤ ਜੀ ਹਾਰ ਆਏ।
ਝੰਡਾ ਕਿਵਰ ਦਾ ਟੁੱਟ ਕੇ ਚੂਰ ਹੋਇਆ,
ਲਭ ਜੋਗ ਦੇ ਸਭੀ ਤਰਾਰ ਆਏ।
ਉਹ ਅਬੱਲੜਾ ਝੱਲੜਾ ਅਕਲ ਦਾ ਸੀ,
ਪਾਏ ਪਲੜਾ ਸਮਝ ਕਰਤਾਰ ਆਏ।
ਡਿੱਗਾ ਆਏ ਚਰਨੀ ਵੇਖੋ ਪਈ ਭਰਨੀ,
ਆਖੇ ਆਇ ਭਗਵਾਨ ਦਾਤਾਰ ਆਏ।

ਨੱਸੀ ਬੰਦਗੀ ਹੋਈ ਸ਼ਰਮਿੰਦਗੀ ਓ,
ਬਖਸ਼ੋ ਦਾਸ ਨੂੰ ਜੀ ਸਿਰਜਨਹਾਰ ਆਏ।
ਦਾਸ ਜਾਣ ਕੇ ਚਰਨਾਂ ਦੇ ਨਾਲ ਲਾਵੋ,
ਕਰਨ ਦਾਸ ਨੂੰ ਭਵਜਲੋਂ ਪਾਰ ਆਏ।
ਸੁਣੋ ਖਾਲਸਾ ਜੀ! ਗੁਰੂ ਖੁਸ਼ੀ ਹੋਏ,
ਅੰਮ੍ਰਿਤ ਸੰਤ ਨੂੰ ਗੁਰੂ ਛਕਾਵੰਦੇ ਨੇ।
ਬੈਰਾਗੀ ਨਾਮ ਤੋਂ ਸ਼ੇਰ ਦਲੇਰ ਬਾਂਕਾ,
'ਗੁਰਬਖਸ਼ ਸਿੰਘ' ਫਿਰ ਨਾਮ ਫੁਰਮਾਵੰਦੇ ਨੇ।
ਹੈਸੀ ਬੀਰ ਉਹ ਖੰਡੇ ਦੀ ਪਾਣ ਚਾੜ੍ਹੀ,
ਜਥੇਦਾਰ ਫਿਰ ਸਿੰਘ ਬਣਾਵੰਦੇ ਨੇ।
ਕੜਾ, ਕੱਛਾ, ਕਿਰਪਾਨ ਤੇ ਕੇਸ, ਕੰਘਾ,
ਰਹਿਤ ਬਹਿਤ ਸਭ ਗੁਰੂ ਸਮਝਾਵੰਦੇ ਨੇ।
ਖੁਸ਼ੀ ਹੋਇ ਫਿਰ ਗੁਰਾਂ ਅਸੀਸ ਦਿਤੀ,
ਖੁਸ਼ੀ 'ਸਿੰਘ ਹਰਨਾਮ' ਮਨਾਵੰਦੇ ਨੇ।

ਗੁਰਦੁਆਰਾ ਬੰਦਾ ਘਾਟ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ ਜੀ ਤੋਂ ਤਿੰਨ ਫਰਲਾਂਗ ਦੀ ਵਿੱਥ ਤੇ ਪੱਛਮ ਦਿਸ਼ਾ ਨੂੰ ਨਦੀ ਕੰਢੇ ਸਸ਼ੋਭਤ ਹੈ। ਬਾਬਾ ਗੁਰਬਖਸ਼ ਸਿੰਘ ਬੰਦਾ ਬਹਾਦਰ ਜੀ (ਬਚਪਨੀ ਨਾਮ ਲਛਮਨ ਦਾਸ) ਨੇ ਪਿੰਡ ਰਾਜੌਰੀ, ਇਲਾਕਾ ਪੁਣਛ (ਜੰਮੂ ਕਸ਼ਮੀਰ ਸਟੇਟ) ਵਿਚ ਰਾਮਦੇਵ ਰਾਜਪੂਤ ਦੇ ਘਰ ਜਨਮ ਲਿਆ। ਸ਼ਿਕਾਰ ਖੇਡਦਿਆਂ ਜਦੋਂ ਇਕ ਦਿਨ ਇਕ ਗਰਭਵਤੀ ਹਰਨੀ ਮਾਰੀ ਗਈ ਤਾਂ ਉਸਦੇ ਪੇਟ ਚੋਂ ਦੋ ਬੱਚੇ ਨਿਕਲੇ ਜੋ ਉਥੇ ਹੀ ਤੜਪ ਤੜਪ ਕੇ ਪਰਾਨ ਤਿਆਗ ਗਏ। ਇਸ ਹਿਰਦੇ ਵੇਧਕ ਸੀਨ ਨੇ ਦਿਲ ਨੂੰ ਐਸੀ ਚੋਟ ਮਾਰੀ ਕਿ ਆਪ ਬੈਰਾਗੀ ਹੋ ਜੰਗਲਾਂ ਨੂੰ ਚਲੇ ਗਏ ਅਤੇ ਫਿਰਦੇ ਫਿਰਦੇ ਦੱਖਣ ਵਿਚ ਇਕ

ਲੂਣੀਆ ਨਾਮੀ ਸੰਤ ਜੀ ਦੇ ਆਏ ਚੇਲੇ ਬਣੇ। ਤਨੋ ਮਨੋ ਹੋ ਕੇ ਉਸ ਦੀ ਸੇਵਾ ਕਰਨ ਉਤੇ ਜੰਤਰਾਂ ਮੰਤਰਾਂ ਦੀ ਸੂਝ ਹੋਈ।

ਇਕ ਦਿਨ ਦਸਮੇਸ਼ ਪਿਤਾ ਜੀ ਸਿੰਘਾਂ ਸਮੇਤ ਬੈਰਾਗੀ ਜੀ ਦੇ ਆਸ਼ਰਮ ਨੂੰ ਪਧਾਰੇ ਅਤੇ ਉਸਦੇ ਪਲੰਗ ਤੇ ਜਾ ਕੇ ਬਿਰਾਜਮਾਨ ਹੋ ਗਏ। ਬੈਰਾਗੀ, ਜੋ ਨਦੀ ਕੰਢੇ ਬੈਠੇ ਮਾਲਾ ਫੇਰ ਰਿਹਾ ਸੀ, ਆਪਣੇ ਚੇਲਿਆਂ ਪਾਸੋਂ ਇਹ ਸਮਾਚਾਰ ਸੁਣ ਕੇ ਬੜਾ ਕ੍ਰੋਧਵਾਨ ਹੋਇਆ ਅਤੇ ਝਟ ਆਪਣੇ ਗੁਪਤ ਬੀਰਾਂ ਨੂੰ ਪਲੰਗ ਉਲਟਾਉਣ ਲਈ ਭੇਜ ਦਿਤਾ। ਪ੍ਰੰਤੂ ਜਦੋਂ ਗੁਰੂ ਜੀ ਅਗੇ ਕੋਈ ਸਫਲਤਾ ਪ੍ਰਾਪਤ ਨਾ ਹੁੰਦੀ ਦੇਖੀ ਤਾਂ ਅਧੀਨ ਹੋ ਕੇ ਆਏ ਚਰਨੀ ਡਿੱਗਾ ਅਤੇ ਬੇਨਤੀ ਕੀਤੀ, 'ਪ੍ਰਭੂ ਜੀਉ! ਆਪਣੇ ਬੰਦੇ ਨੂੰ ਸਿੱਧੇ ਮਾਰਗ ਪਾਉ!' ਗੁਰੂ ਜੀ ਨੇ ਉਸ ਦੇ ਨਿਮਰਤਾ ਭਾਵ ਤੇ ਖੁਸ਼ ਹੋ ਕੇ ਅੰਮ੍ਰਿਤ ਦੀ ਦਾਤ ਬਖਸ਼, ਬਾਬਾ ਗੁਰਬਖਸ਼ ਸਿੰਘ ਨਾਮ ਰਖ ਕੇ ਸਿੰਘਾਂ ਦਾ ਜਥੇਦਾਰ ਥਾਪਿਆ। ਕੁਝ ਚਿਰ ਪਿਛੋਂ ਸਾਹਿਬਾਂ ਨੇ ਬਾਬਾ ਬੰਦਾ ਬਹਾਦਰ ਜੀ ਨੂੰ ਪੰਜ ਤੀਰ, ਪੰਜੀ ਸਿੰਘ, ਨਿਸ਼ਾਨ, ਨਗਾਰਾ ਬਖਸ਼ ਕੇ ਮਲੇਛਾਂ ਦਾ ਕਾਲ ਬਣਾ ਕੇ ਪੰਜਾਬ ਨੂੰ ਭੇਜਿਆ ਸੀ। ਇਸ ਅਸਥਾਨ ਦੀ ਇਮਾਰਤੀ ਸੇਵਾ ਸ੍ਰੀ ਮਾਨ ਸੰਤ ਬਾਬਾ ਜਗਤਾਰ ਸਿੰਘ ਜੀ ਅਤੇ ਸ੍ਰੀ ਮਾਨ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਕਰਵਾਈ ਹੈ।

## ਗੁਰਦੁਆਰਾ ਸੰਗਤ ਸਾਹਿਬ

॥ ਦੋਹਿਰਾ ॥

ਅਰਜ਼ ਕਰੀ ਤਬ ਸ਼ਾਹ ਨੇ, ਸਤਿਗੁਰ ਦੀਨ ਦਿਆਲ।
ਦੇਹੁ ਆਗਿਆ ਦਾਸ ਨੂੰ, ਕਰਣਾ ਕਰੋ ਕਿਰਪਾਲ।

॥ ਪਉੜੀ ॥

ਸ਼ਹਿਨਸ਼ਾਹ ਨੂੰ ਗੁਰਾਂ ਨੇ, ਇਉਂ ਗਿਰਾ ਉਚਾਰੀ।


ਤੁਝ ਕੋ ਭਇਓ ਕਾਜ ਕਿਆ, ਕਿਉਂ ਕਰੀ ਤਿਆਰੀ।
ਕਹੇ ਬਹਾਦਰ ਸ਼ਾਹ, ਸੁਣੋ ਹੇ ਗੁਰੂ ਪਿਆਰੇ।
ਤਲਬ ਹੈ ਦੇਣੀ ਫੌਜ ਨੂੰ, ਨਹੀਂ ਪਾਸ ਹਮਾਰੇ।
ਸੁਣ ਬੇਨਤੀ ਤਬ ਸ਼ਾਹ ਦੀ, ਧੀਰਜ ਬੰਧਵਾਈ।
ਤਲਬ ਮਿਲੇ ਸਭ ਫੌਜ ਨੂੰ, ਕਰ ਫਿਕਰ ਨਾ ਰਾਈ।

## ॥ ਚੌਪਈ ॥


ਸਤਿਗੁਰ ਤਬ ਐਸੇ ਫੁਰਮਾਇਉ, ਦੀਨਾਰਨ ਕੋ ਢੇਰ ਲਗਵਾਇਉ।
ਸ਼ਾਹ ਕੋ ਆਪਣੇ ਪਾਸ ਬਿਠਾਲਾ, ਕਰੀ ਕਾਰ ਤਬ ਸ੍ਰੀ ਕ੍ਰਿਪਾਲਾ।
ਸ੍ਰੀ ਮੁਖ ਤੇ ਗੁਰੂ ਇਉਂ ਫੁਰਮਾਵੈਂ, ਸਭ ਸੈਨਾ ਕੋ ਪਾਸ ਬੁਲਾਵੈਂ।
ਭਰ ਭਰ ਢਾਲ ਮੋਹਰ ਗੁਰ ਦੇਵੈਂ, ਸਭ ਕੇ ਮਨ ਕਾ ਸੰਸਾ ਖੋਵੈ।
ਹਰਖਤ ਚਿਤ ਆ ਸਭ ਕੋਈ ਲੇਵੈ, ਪਿਖ ਸਤਿਗੁਰ ਦਰਸ਼ਨ ਦੁਖਖੋਵੈਂ।
ਬਾਦਸ਼ਾਹ ਪਰ ਹੋਇ ਦਿਆਲ, ਸ੍ਰੀ ਗੁਰੂ ਦੇਵੈਂ ਭਰ ਭਰ ਢਾਲ।
ਸੰਗਤ ਸਾਹਿਬ ਗੁਰੂਦੁਆਰਾ, ਜੋ ਦਰਸੇ ਫਲ ਪਾਏ ਅਪਾਰਾ।
'ਹਰਨਾਮ ਸਿੰਘ' ਅਸ ਭਣਿਓ ਬੈਣ, ਕਰੀ ਕ੍ਰਿਪਾ ਸਤਿਗੁਰ ਸੁਖ ਦੈਣ।

ਇਹ ਗੁਰਦੁਆਰਾ ਸੰਗਤ ਸਾਹਿਬ, ਸ੍ਰੀ ਸੱਚਖਡ ਸਾਹਿਬ ਜੀ ਤੋਂ ਡੇਢ ਮੀਲ ਪੂਰਬ ਦਿਸ਼ਾ ਨੂੰ ਸ਼ਹਿਰ ਦੇ ਅਖੀਰ ਗੁਦਾਵਰੀ ਕੰਢੇ ਪਵਿਤਰ ਦੀਦਾਰੇ ਦੇ ਰਿਹਾ ਹੈ। ਗੁਰੂ ਜੀ ਨੇ ਦੱਖਨ ਆਗਮਨ ਤੇ ਸਭ ਤੋਂ ਪਹਿਲਾਂ ਇਥੇ ਹੀ ਡੇਰੇ ਲਗਾਏ ਸਨ ਅਤੇ ਉਸ ਵੇਲੇ ੫੦੦ ਰੁਪੈ ਦਾ ਗੁਰਪੁਰਬ ਵੀ (ਹਜ਼ੂਰ ਨੂੰ ਖਾਲਸੇ ਨੇ ਜੋ ਤਨਖਾਹ ਲਾਈ ਸੀ) ਇਥੇ ਹੀ ਹੋਇਆ ਸੀ।

ਜਦੋਂ ਮੁਗਲ ਫੌਜਾਂ ਨੇ ਬਾਦਸ਼ਾਹ ਪਾਸੋਂ ਤਲਬ ਮੰਗੀ ਤਾਂ ਉਹ ਬੜਾ ਚਿੰਤਾਤੁਰ ਹੋ ਦਿੱਲੀ ਜਾਣ ਦੀ ਤਿਆਰੀ ਕਰਕੇ ਇਥੇ ਹੀ ਗੁਰੂ ਜੀ ਤੋਂ ਆਗਿਆ ਲੈਣ ਲਈ ਹਾਜ਼ਰ ਹੋਇਆ।



ਗੁਰਦੁਆਰਾ ਮਾਲ ਟੇਕੜੀ ਸਾਹਿਬ



ਗੁਰਦੁਆਰਾ ਹੀਰਾ ਘਾਟ ਸਾਹਿਬ

ਸ੍ਰੀ ਗਰੀਬ ਨਿਵਾਜ ਦਾਤਾ ਜੀ ਨੇ ਦੂਜੇ ਦਿਨ ਮਾਲ ਟੇਕੜੀ ਤੋਂ ਗੁਪਤ ਖਜਾਨਾ ਮੰਗਵਾ ਕੇ ਫੌਜਾਂ ਨੂੰ ਢਾਲੇ ਭਰ ਭਰ ਕੇ ਮਾਇਆ ਬਖਸ਼ੀ, ਜਿਸ ਨੂੰ ਵੇਖ ਕੇ ਸ਼ਾਹ ਅਸਚਰਜ ਰਹਿ ਗਿਆ।

# ਗੁਰਦੁਆਰਾ ਮਾਲ ਟੇਕੜੀ ਸਾਹਿਬ

॥ ਚੌਪਈ ॥

ਸੁਣੋ ਖਾਲਸਾ ਬਾਤ ਹਮਾਰੀ, ਮਾਲ ਟੇਕੜੀ ਥੇਹ ਜੋ ਭਾਰੀ।
ਤਹਿ ਠਹਿ ਜਾਵੋ ਦੇਰ ਨਾ ਲਾਵੋ, ਇਸ ਬਿਧ ਹਮਰੋ ਹੁਕਮ ਬਜਾਵੋ।
ਦੀਓ ਪਤਾ, ਤਹਿ ਜਾਇ ਉਖਾੜੋ, ਪੰਜ ਹੱਥ ਖੋਦੋ, ਦੇਰ ਨਿਵਾਰੋ।
ਤਹਿ ਠਹਿ ਹਮਰੋ ਅਹੈ ਖਜ਼ਾਨਾ, ਦੀਓ ਹੁਕਮ ਇਸ ਬਿਧ ਗੁਣ ਖਾਨਾ।

॥ ਪਉੜੀ ॥

ਸੁਣਿਓ ਹੁਕਮ ਜਬ ਖਾਲਸੇ, ਤਬ ਕਰੀ ਤਿਆਰੀ।
ਗੱਡੇ ਗੱਡੀਆਂ ਲੈ ਤੁਰੇ, ਸਿੰਘ ਪਰਉਪਕਾਰੀ।
ਪਹੁੰਚ ਗਏ ਝਟ ਤਹਾਂ, ਜਹਾਂ ਗੁਰ ਗਿਰਾ ਉਚਾਰੀ।
ਲੈ ਖਣਲੀ ਤਬ ਖੋਦਿਓ, ਸਿੰਘਨ ਬਲਿਕਾਰੀ।
ਵੇਖ ਖਜ਼ਾਨਾ ਸੂਰਮੇ, ਜਾਵਨ ਬਲਿਹਾਰੀ।
ਭਰ ਭਰ ਗੱਡੇ ਤੁਰ ਪਏ, ਗੁਰ ਖੇਲ ਨਿਆਰੀ।
ਮਾਲ ਟੇਕੜੀ ਥਾਨ ਸੁਭ, ਹੈ ਅਪਰ ਅਪਾਰੀ।
ਸੰਗਤ ਸਾਹਿਬ ਮਾਹਿ ਦੀਓ, ਭਰ ਢਾਲੇ ਭਾਰੀ।
'ਹਰਨਾਮ ਸਿੰਘ' ਗੁਰਚਰਨ ਕੋ, ਬੰਦਨ ਲਖ ਵਾਰੀ।
ਕੌਤਕ ਸਤਿਗੁਰ ਅਪਰ ਅਪਾਰ, ਲਿਖ ਸਕੇ ਨਾ ਸ਼ਾਇਰੀ।

ਇਹ ਗੁਰਧਾਮ ਪੱਕੀ ਸੜਕ ਤੇ ਸ੍ਰੀ ਸਚਖੰਡ ਸਾਇਬ ਜੀ ਤੋਂ ਤਿੰਨ ਮੀਲ ਉਤਰ ਪੂਰਬ ਦਿਸ਼ਾ ਵਿਚ ਰੇਲਵੇ ਲਾਈਨ ਦੇ

ਨਾਲ ਹੀ ਸੁਸ਼ੋਭਤ ਹੈ। ਇਥੇ ਛਿਆਨਵੇਂ ਕਰੋੜ ਖਾਲਸੇ ਲਈ ਢਾਈ ਦਿਨਾਂ ਦਾ ਲੰਗਰ ਖਰਚ ਦਸਿਆ ਜਾਂਦਾ ਹੈ। ਜਗਤ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਮਤ ੧੫੬੦ ਵਿਚ ਇਥੇ ਪੁਜੇ ਅਤੇ ਇਸ ਮਾਲ ਦੀ ਟੇਕੜੀ ਨੂੰ ਆਪਣੇ ਪਵਿਤਰ ਚਰਨਾਂ ਦੀ ਛੂਹ ਦੇ ਕੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਨਾਨਕ ਪੁਰੀ ਨੂੰ ਭਾਗ ਲਾਉਂਦੇ ਹੋਏ ਨਾਨਕ ਝੀਰਾ ਬਿਦਰ ਨੂੰ ਪਧਾਰੇ ਸਨ।

ਸੰਨ ੧੯੨੬ ਈ: ਵਿਚ ਸ਼ਹਿਰ ਵਿਚ ਪਲੇਗ ਪੈ ਜਾਣ ਤੇ ਸਾਰੇ ਲੋਕੀ ਇਥੇ ਲਾਗੇ ਹੀ ਬਾਹਰ ਝੌਂਪੜੀਆ ਵਿਚ ਆ ਵੱਸੇ। ਅੱਧ ਦਸੰਬਰ ਦੀ ਇਕ ਰਾਤ ਨੂੰ ਇਨ੍ਹਾਂ ਪਲੇਗ ਦੇ ਮਾਰਿਆਂ ਨੇ ਇਸ ਅਸਥਾਨ ਤੇ ਇਕ ਮੁਰਦਾ ਦਫਨ ਕਰ ਕੇ ਆਪਣਾ ਕਬਰਸਤਾਨ ਜ਼ਾਹਿਰ ਕੀਤਾ। ਇਹ ਘਟਨਾ ਸਿਖ ਮੁਸਲਮ ਫਸਾਦ ਦਾ ਰੂਪ ਧਾਰ ਕੇ ਮੁਕਦਮਾ ਹੈਦਰਾਬਾਦ ਹਾਈ ਕੋਰਟ ਵਿਚ ਆ ਗਿਆ ਅਤੇ ਖਾਲਸੇ ਦੀ ਫਤਹਿ ਹੋਈ ਅਤੇ ਉਹ ਲਾਸ਼ ੧੯੩੦ ਈ: ਵਿਚ ਇਥੋਂ ਕਢਾਈ ਗਈ। ਇਸ ਅਸਥਾਨ ਦੀ ਸੇਵਾ ਸੰਤ ਬਾਬਾ ਜਗਤਾਰ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਕਰਵਾਈ ਹੈ।

# ਗੁਰਦੁਆਰਾ ਹੀਰਾ ਘਾਟ ਸਾਹਿਬ

॥ ਬੈਂਤ ॥

ਬਾਦਸ਼ਾਹ ਬਹਾਦਰ ਸ਼ਾਹ ਚਲ ਕਰ ਕੇ,
ਆਇਆ ਗੁਰਾਂ ਦਾ ਕਰਨ ਦੀਦਾਰ ਭਾਈ।
ਕਈਆਂ ਦਿਨਾਂ ਦੀਆਂ ਮੰਜ਼ਲਾਂ ਤੈ ਕਰਕੇ,
ਪਹੁੰਚਿਆ ਆਣ ਨੰਦੇੜ ਵਿਚਕਾਰ ਭਾਈ।
ਪਤਾ ਲਿਆ ਫ਼ਿਰ ਸ਼ਾਹ ਨੇ ਗੁਰੂ ਜੀ ਦਾ,
ਪਹੁੰਚ ਗਿਆ ਉਥੇ ਨਿਹਚਾ ਧਾਰ ਭਾਈ।

ਸ਼ਾਨ ਵੇਖ ਕੇ ਸ਼ਾਹ ਹੈਰਾਨ ਹੋਇਆ,
ਡਿੱਠਾ ਗੁਰੂ ਕਾ ਅਜਬ ਦਰਬਾਰ ਭਾਈ।
ਲੈ ਕੇ ਆਗਿਆ ਸਾਹਿਬਾਂ ਤੋਂ ਦਰਸ਼ਨਾਂ ਦੀ,
ਖ਼ੁਸ਼ੀ ਨਾਲ ਆਇਆ ਹੋ ਕੇ ਤਿਆਰ ਭਾਈ।
ਹੋਰ ਕੀਮਤੀ ਤੁਹਫੇ ਬੇਅੰਤ ਆਂਦੇ,
'ਹੀਰਾ' ਨਾਲ ਇਕ ਅਪਰ ਅਪਾਰ ਭਾਈ।
ਥਾਲ ਸੋਨੇ ਦੇ ਨੌਕਰਾਂ ਹੱਥ ਦੇ ਕੇ,
ਆਇਆ ਨਾਲ ਦਿਲ ਰਖ ਪਿਆਰ ਭਾਈ।
ਆ ਕੇ ਸ਼ਾਹ ਨੇ ਗੁਰਾਂ ਨੂੰ ਟੇਕ ਮੱਥਾ,
ਹੀਰਾ ਰਖਿਆ ਅਗੇ ਚਮਕਾਰ ਭਾਈ।
ਮੱਥਾ ਟੇਕ ਕੇ ਬੈਠਾ ਸੀ ਗੁਰਾਂ ਅਗੇ,
ਐਪਰ ਦਿਲ ਦੇ ਵਿਚ ਹੰਕਾਰ ਭਾਈ।
ਘਟਾਂ ਘਟਾਂ ਦੀ ਗੁਰੂ ਜੀ ਜਾਣ ਰਹੇ ਸਨ,
ਹੀਰਾ ਸੁੱਟਿਆ ਨਦੀ ਵਿਚਕਾਰ ਭਾਈ।
ਜਾਣੀ ਜਾਣ ਗੁਰ ਹੱਸ ਕੇ ਕਹਿਣ ਲਗੇ,
ਜਾ ਕੇ ਵੇਖ ਤੂੰ ਨਦੀ ਵਿਚਕਾਰ ਸ਼ਾਹਾ।
ਹੀਰਾ ਆਪਣਾ ਵੇਖ ਕੇ ਚੁਕ ਲੈਣਾ,
ਨਾਲੇ ਦਿਲ ਦਾ ਭਰਮ ਨਿਵਾਰ ਸ਼ਾਹਾ।
ਜਾ ਕੇ ਨਦੀ ਅੰਦਰ ਸ਼ਾਹ ਨੇ ਵੇਖਿਆ ਕੀ,
ਇਥੇ ਅੰਤ ਨਾ ਹੀਰਿਆਂ ਆਵੰਦਾ ਈ।
ਨਦੀ ਹੀਰਿਆਂ ਨਾਲ ਭਰਪੂਰ ਦਿੱਸੇ,
ਵੇਖ ਸ਼ਾਹ ਹੈਰਾਨ ਹੋ ਜਾਵੰਦਾ ਈ।
ਖ਼ੁਦ ਖ਼ੁਦਾ ਹੋ ਜੀ, ਸ਼ਾਹ ਕਹੇ ਮੁਖ ਥੀਂ,
ਹੱਥ ਜੋੜ ਕੇ ਭੁੱਲਾਂ ਬਖਸ਼ਾਵੰਦਾ ਈ।

'ਹੀਰਾ ਘਾਟ' ਸ਼ਾਹਾ ਇਸ ਦਾ ਨਾਮ ਹੋਸੀ,
ਸੱਚਾ ਪਾਤਸ਼ਾਹ ਗੁਰੂ ਫੁਰਮਾਵੰਦਾ ਈ।

ਇਹ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਤੋਂ ਛੇ ਮੀਲ ਪੂਰਬ ਦਿਸ਼ਾ ਨੂੰ ਗੁਦਾਵਰੀ ਨਦੀ ਕੰਢੇ, ਪਿੰਡ ਬਾਹਮਣਵਾੜਾ ਤੋਂ ਇਕ ਫ਼ਰਲਾਂਗ ਦੀ ਵਿਥ ਤੇ ਸਸ਼ੋਭਤ ਹੈ। ਇਥੇ ਬਹਾਦਰ ਸ਼ਾਹ ਨੇ ਇਕ ਬਹੁਮੁੱਲਾ ਹੀਰਾ ਸਾਹਿਬਾਂ ਦੀ ਭੇਟ ਕੀਤਾ। ਸ਼ਾਹ ਦਾ ਹੰਕਾਰ ਨਵਿਰਤ ਕਰਨ ਲਈ ਸਾਹਿਬਾਂ ਨੇ ਸ਼ਾਹ ਦੇ ਵੇਖਦੇ ਵੇਖਦੇ ਉਹ ਹੀਰਾ ਨਦੀ ਵਿਚ ਸੁੱਟ ਦਿਤਾ; ਜਿਸ ਨੂੰ ਵੇਖ ਕੇ ਬਾਦਸ਼ਾਹ ਬਹੁਤ ਹੀ ਚਿੰਤਾਤੁਰ ਹੋਇਆ। ਫ਼ਿਰ ਸਾਹਿਬਾਂ ਨੇ ਮੁਸਕਰਾਉਂਦਿਆਂ ਫੁਰਮਾਇਆ, 'ਵੇਖੋ ਸ਼ਾਹ ਜੀ! ਨਦੀ ਦਾ ਨਿਰਮਲ ਜਲ ਕਿਸ ਤਰ੍ਹਾਂ ਆਪਣੇ ਅਨੰਦ ਵਿਚ ਝਿਲਮਿਲ ਝਿਲਮਿਲ ਕਰਦਾ ਵਗ ਰਿਹਾ ਹੈ।' ਸ਼ਾਹ ਨੇ ਜਦੋਂ ਨਦੀ ਵਿਚ ਵੇਖਿਆ ਤਾਂ ਉਥੇ ਬੇਅੰਤ ਹੀ ਬਹੁਮੁੱਲੇ ਹੀਰੇ ਪਏ ਵੇਖੇ। ਸ਼ਰਮਸਾਰ ਹੋ ਸਾਹਿਬਾਂ ਦੇ ਚਰਨ ਫੜ ਲਏ ਅਤੇ ਆਪਣੀ ਭੁੱਲ ਬਖਸ਼ਵਾਈ। ਇਸ ਅਸਥਾਨ ਦੀ ਸੇਵਾ ਸ੍ਰੀ ਮਾਨ ਸੰਤ ਬਾਬਾ ਜਗਤਾਰ ਸਿੰਘ ਜੀ ਅਤੇ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਕਰਵਾਈ ਹੈ।


## ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ

॥ ਦੋਹਿਰਾ ॥

ਹੀਰਾ ਘਾਟ ਦਾ ਦਰਸ ਕਰ, ਹੋਇਆ ਚਿੱਤ ਪਰਸਨ ॥
ਸੁੰਦਰ ਇਹ ਸ਼ੁਭ ਥਾਨ ਹੈ, ਸ੍ਰੀ ਮਾਤਾ ਸਾਹਿਬ ਧੰਨ ਧੰਨ ॥

॥ ਕੋਰੜਾ ਛੰਦ ॥

ਧੰਨ ਧੰਨ ਮਾਤਾ ਸਾਹਿਬ ਦੇਵਾਂ ਗਾਈ ਏ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ।



**ਗੁਰਦੁਆਰਾ ਸ੍ਰੀ ਮਾਤਾ ਸਾਹਿਬ ਦੇਵਾਂ ਜੀ ਦੀ ਨਵੀਂ ਬਣ ਰਹੀ ਇਮਾਰਤ**



ਗੁਰਦੁਆਰਾ ਸ਼ਿਕਾਰ ਘਾਟ ਸਾਹਿਬ

ਹੱਥ ਜੋੜ ਚਰਨੀਂ ਨਿਵਾਵਾਂ ਮਾਥ ਜੀ ।
ਮਾਤਾ ਸੀਸ ਰਖੀਂ ਪੁੱਤਰਾਂ ਦੇ ਹਾਥ ਜੀ ।

ਮਾਤਾ ਸਾਹਿਬ ਦੇਵਾਂ ਖਾਲਸੇ ਦੀ ਮਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ।

ਝੋਲੀ ਪਾਇ ਮਾਤਾ ਖਾਲਸੇ ਨੂੰ ਪਾਲਿਆ ।
ਦੁਖੜੇ ਹਜ਼ਾਰ ਜਫ਼ਰਾਂ ਨੂੰ ਜਾਲਿਆ ।

ਸੀਤਲ, ਸੁਸ਼ੀਲ ਉਪਮਾ ਅਲਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ।

ਸੁਹਣਾ ਅਸਥਾਨ ਰੌਣਕਾਂ ਨੇ ਭਾਰੀਆਂ ।
ਆਉਣ ਚਾਰੇ ਪਾਸੋਂ ਸੰਗਤਾਂ ਪਿਆਰੀਆਂ ।

ਜੈ ਜੈ ਕਾਰ ਗਾਵੇ ਲੱਖਾਂ ਹੀ ਲੁਕਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ।

ਨਿਹੰਗ ਸਿੰਘ ਸੂਰਮੇ ਦਲੇਰ ਗੱਜਦੇ ।
ਦੇਗ ਬੇਸ਼ੁਮਾਰ ਤੇ ਨਗਾਰੇ ਵੱਜਦੇ ।

ਦੇਗ ਤੇਗ ਫਤਿਹ ਮਾਤਾ ਦੀ ਕਮਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ।

ਉਪਮਾ ਬੇਅੰਤ ਨਾ ਕੋਈ ਅੰਤ ਆਵੰਦਾ ।
ਮਾਤਾ ਉਪਕਾਰ ਲਿਖਿਆ ਨਾ ਜਾਵੰਦਾ ।

'ਹਰਨਾਮ ਸਿੰਘ' ਦਾਸ ਉਪਮਾ ਕੀ ਗਾਈ ਏ ।
ਚਲ ਕੇ ਪੰਜਾਬ ਤੋਂ ਜੋ ਇਥੇ ਆਈ ਏ ।

॥ ਦੋਹਿਰਾ ॥

ਬੜੇ ਸਿੰਘ ਬਲਵਾਨ ਜੋ, ਉਤਮ ਜਿਨ ਕੀ ਬੁੱਧ ।
ਨਿਹੰਗ ਸਿੰਘ ਜੀ ਤਹਿ ਬਸੇ, ਕਾਰਜ ਕਰਹੇ ਸੁੱਧ ।

ਇਹ ਗੁਰਦੁਆਰਾ ਹੀਰਾ ਘਾਟ ਤੋਂ ਪੌਣਾ ਮੀਲ ਅਤੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਸੱਤ ਮੀਲ ਪੂਰਬ ਦਿਸ਼ਾ ਨੂੰ ਨਦੀ ਕੰਢੇ ਸਸ਼ੋਭਤ ਹੈ। ਸਾਹਿਬਾਂ ਦੇ ਹੀਰਾ ਘਾਟ ਪਰਗਟ ਕਰਨ ਤੇ ਪੰਥ ਖਾਲਸੇ ਦੀ ਪੂਜਨੀਕ ਮਾਤਾ ਸਾਹਿਬ ਦੇਵਾਂ ਜੀ ਦੇ ਇਥੇ ਡੇਰੇ ਲਗਾਏ ਗਏ ਸਨ। ਮਾਤਾ ਜੀ ਇਥੇ ਨਾਮ ਬਾਣੀ ਦਾ ਅਨੰਦ ਮਾਣਦੇ, ਸਾਹਿਬਾਂ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ, ਦਰਸ਼ਨਾਂ ਲਈ ਗੁਰੂ ਜੀ ਦੇ ਸ਼ਸਤਰ ਨਾਲ ਲੈ ਕੇ, ਗੁਰੂ ਜੀ ਦੀ ਆਗਿਆ ਅਨੁਸਾਰ, ਦਿਲੀ ਨੂੰ ਚਲੇ ਗਏ ਸਨ।

ਸੰਨ ੧੯੨੨ ਈ: ਵਿਚ ਸ੍ਰੀਮਾਨ ਬਾਬਾ ਮਿਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਆਪਣੇ ਜਥੇ ਸਮੇਤ ਏਥੇ ਦਰਸ਼ਨਾਂ ਨੂੰ ਪੁੱਜੇ ਅਤੇ ਇਕਾਂਤ ਗੁਰੂ ਅਸਥਾਨ ਦੇਖ ਕੇ ਇਥੇ ਹੀ ਡੇਰੇ ਲਾ ਲਏ। ਆਪ ਜੀ ਦੀ ਕਠਨ ਤਪੱਸਿਆ ਅਤੇ ਸਾਹਿਬਾਂ ਦੀ ਮਿਹਰ ਦਾ ਸਦਕਾ ਇਥੇ ਵੀ ਗੁਰੂ ਜੀ ਦੀ ਦੇਗ ਅਤੁੱਟ ਵਰਤ ਰਹੀ ਹੈ, ਅਤੇ ਨਿਹੰਗ ਸਿੰਘ ਜੀ ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ। ਇਸ ਅਸਥਾਨ ਦੀ ਇਮਾਰਤੀ ਸੇਵਾ ਸੰਤ ਬਾਬਾ ਜੱਸਾ ਸਿੰਘ ਜੀ ਕਰਵਾ ਰਹੇ ਹਨ।

# ਗੁਰਦੁਆਰਾ ਸ਼ਿਕਾਰ ਘਾਟ ਸਾਹਿਬ

**॥ ਬੈਂਤ ॥**

ਚੋਜੀ ਪ੍ਰੀਤਮ ਜੀ ਚੋਜ ਅਪਾਰ ਕਰਦੇ,
ਹੁਕਮ ਸਿੰਘਾਂ ਨੂੰ ਦਿਤਾ ਦਾਤਾਰ ਭਾਈ।
ਸਾਡੇ ਘੋੜੇ ਨੂੰ ਝਟ ਪਟ ਕਰੋ ਹਾਜ਼ਰ,
ਸਾਜ਼ ਬਾਜ਼ ਵੀ ਦਲ ਸ਼ਿੰਗਾਰ ਭਾਈ।
ਨਾਲੇ ਹੁਕਮ ਹੋਇਆ ਸਾਰੇ ਖਾਲਸੇ ਨੂੰ,
ਲਾਵੋ ਦੇਰ ਨਾ ਹੋਵੋ ਤਿਆਰ ਭਾਈ।

ਕਲਗੀ ਚਮਕਦੀ ਸੂਰਜੋਂ ਵਧ ਸੁਹਣੀ,
ਚੜ੍ਹੇ ਸ਼ਹਿਨਸ਼ਾਹ ਦਲ ਸ਼ਿੰਗਾਰ ਭਾਈ।
ਪਿਛੇ ਸੂਰਮੇ ਚੜ੍ਹੇ ਗੜਗੱਜ ਬਾਂਕੇ,
ਹਿੱਲੀ ਧਰਤ ਅਕਾਸ਼ ਗੁੰਜਾਰ ਭਾਈ।
ਸ਼ੇਰ, ਚੇਤਰੇ, ਬਾਘ ਬੇਅੰਤ ਮਾਰੇ,
ਕੱਟੀ ਜੂਨ ਗੁਰ ਕਰਨ ਉਧਾਰ ਭਾਈ।
ਕਰਦੇ ਹੱਲੇ ਤੇ ਹੱਲਾ ਤੇ ਧਰਤ ਹੱਲੇ,
ਨਿਕਲ ਦੂਰ ਗਏ ਜੰਗਲ ਵਿਚਕਾਰ ਭਾਈ।
ਇਕ ਝਾੜੀ ਨੂੰ ਸਾਹਿਬਾਂ ਨੇ ਤੱਕਿਆ ਜਾਂ,
ਬੈਠਾ ਸਹਿਆ ਸੀ ਲਿਆ ਨਿਹਾਰ ਭਾਈ।
ਸਚੇ ਪਾਤਸ਼ਾਹ ਤੀਰ ਚੜ੍ਹਾਇ ਚਿੱਲ੍ਹੇ,
ਹੋਇਆ ਸਹਿਜ ਸੁਭਾ ਹੀ ਵਾਰ ਭਾਈ।
ਉੱਤਰ ਘੋੜਿਉਂ ਚੁਕ ਲਿਆ ਗੁਰੂ ਜੀ ਨੇ,
ਨਾਲੇ ਕਰਦੇ ਸਨ ਦਿਲੋਂ ਪਿਆਰ ਭਾਈ।
ਹੱਥ ਜੋੜ ਫਿਰ ਸਿੰਘਾਂ ਨੇ ਅਰਜ਼ ਕੀਤੀ,
ਮਹਾਰਾਜ ! ਕੀ ਕੌਤਕ ਰਚਾਇਆ ਏ।
ਸਾਨੂੰ ਗੁਰੂ ਜੀ ਸਮਝ ਨਾ ਆਏ ਕੋਈ।
ਸਹਿਆ ਮਾਰ ਕੇ ਆਪ ਕਿਉਂ ਚਾਇਆ ਏ।
ਸਾਹਿਬ ਕਹਿਣ ਲਗੇ ਮੂਲਾ ਖਤਰੀ ਸੀ,
ਬੇਮੁਖ ਹੋਇ ਕੇ ਦੁੱਖ ਉਠਾਇਆ ਏ।
ਗੁਰੂ ਨਾਨਕ ਜੀ ਆਏ ਘਰ ਮਿਲਣ ਇਸਨੂੰ,
ਅਗੋਂ ਘਰਦਿਆਂ ਅੰਦਰ ਛੁਪਾਇਆ ਏ।
ਅੰਦਰੋਂ ਨਿਕਲ ਕੇ ਲੜ ਗਿਆ ਨਾਗ ਇਸਨੂੰ,
ਵੇਖੋ ਮੌਤ ਕੀ ਢੰਗ ਬਣਾਇਆ ਏ।

ਮੂਲਾ ਸਹੇ ਦੀ ਜੂਨ ਭਗਵਾਨ ਪਾਇਆ,
ਇਥੇ ਆਏ ਇਸ ਝਟ ਲੰਘਾਇਆ ਏ।
ਇੱਕੀ ਕੁਲਾਂ ਹੁਣ ਇਹਦੀਆਂ ਤਰ ਗਈਆਂ,
ਜਨਮ ਮਰਨ ਦਾ ਫੰਦ ਕਟਾਇਆ ਏ।
ਦਾਸ ਕਹੇ 'ਹਰਨਾਮ ਸਿੰਘ' ਆਏ ਜਿਹੜਾ,
ਗੇੜਾ ਗੁਰਾਂ ਚੁਰਾਸੀ ਮੁਕਾਇਆ ਏ।

ਇਹ ਗੁਰਦੁਆਰਾ ਸ੍ਰੀ ਸਚਖੰਡ ਸਾਹਿਬ ਜੀ ਤੋਂ ਪੰਜ ਮੀਲ ਅਤੇ ਗੁਰਦੁਆਰਾ ਮਾਤਾ ਸਾਹਿਬ ਦੇਵਾਂ ਜੀ ਤੋਂ ਤਿੰਨ ਮੀਲ ਨਦੀ ਕੰਢੇ ਇਕ ਛੋਟੀ ਪਹਾੜੀ ਤੇ ਸਸ਼ੋਭਤ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਬਚਨਾਂ ਅਨੁਸਾਰ ਦਸਮੇਸ਼ ਪਿਤਾ ਜੀ ਨੇ ਸਿਆਲਕੋਟ ਵਾਲੇ ਬੇਮੁਖ ਹੋਏ ਮੂਲੇ ਖਤਰੀ ਦਾ, ਸਹੇ ਦੀ ਜੂਨ ਤੋਂ ਇਥੇ ਉਧਾਰ ਕੀਤਾ ਸੀ ਅਤੇ ਮੌਜੂਦਾ ਪਹਾੜੀ ਤੇ ਬਿਰਾਜਮਾਨ ਹੋ ਕੇ ਸਾਹਿਬਾਂ ਨੇ ਫੁਰਮਾਇਆ ਸੀ, 'ਖਾਲਸਾ ਜੀ। ਇਥੇ ਤਾਂ ਅਨੰਦਪੁਰ ਵਾਲੀ ਮਿੱਠੀ ਮਿੱਠੀ ਪੌਣ ਆਉਂਦੀ ਹੈ। ਕੁਝ ਸਿੰਘਾਂ ਨੇ ਬੇਨਤੀ ਕੀਤੀ, 'ਮਹਾਰਾਜ ਜੀ! ਅਨੰਦਪੁਰ ਸਾਹਿਬ ਤਾਂ ਸਾਰੇ ਬਿਰਧ, ਬੱਚੇ ਬੜੀ ਦੂਰੋਂ ਪੁੱਜ, ਹਜ਼ੂਰ ਜੀ ਦੇ ਚਰਨ ਕੰਵਲ ਪਰਸ ਕੇ ਜਨਮ ਸੁਫਲੇ ਕਰਦੇ ਹਨ; ਪ੍ਰੰਤੂ ਏਨੀ ਦੂਰ ਕਿਹੜਾ ਸੂਰਮਾ ਇਥੇ ਆਵੇਗਾ ?'

ਸਾਹਿਬਾਂ ਨੇ ਵਰ ਦਿਤਾ, 'ਖਾਲਸਾ ਜੀ! ਇਥੇ ਸੂਰਮਿਆਂ ਦੀ ਹੀ ਨਹੀਂ, ਸਗੋਂ ਅਸੀਂ ਇਥੇ ੬੦-੭੦ ਵਰ੍ਹੇ ਦੇ ਬਿਰਧਾਂ ਦੀ ਆਸ ਰਖਾਂਗੇ। ਇਸ ਪਹਾੜੀ ਦੇ ਥੱਲੇ ਹੀ ਇਕ ਪੁਰਾਨਾ ਮੰਦਰ ਹੈ। ਇਧਰ ਦੇ ਲੋਕੀ ਇਸ ਮੰਦਰ ਨੂੰ ਹਨੂਮਾਨ ਦਾ ਜਨਮ ਅਸਥਾਨ ਦਸਦੇ ਹਨ।

# ਇਕ ਅਸਚਰਜ ਕੌਤਕ

ਹੁਣ ਇਸ ਪਾਵਨ ਅਸਥਾਨ ਦੇ ਪਰਗਟ ਹੋ ਜਾਣ ਤੇ ਇਥੇ ਭਾਰੀ ਰਮਣੀਕਤਾ ਹੋਣ ਲਗੀ । ਸਾਹਿਬ ਰੋਜ਼ ਨਵੇਂ ਤੋਂ ਨਵੇਂ ਚੋਜ ਵਰਤਾਉਣ ਲਗੇ । ਦੋਨੋਂ ਵੇਲੇ ਦੀਵਾਨ ਦਾ ਦਿਲ ਖਿਚਵਾਂ ਤੇ ਅਨੰਦਮਈ ਨਜ਼ਾਰਾ ਬੇਕੁੰਟ ਧਾਮ ਨੂੰ ਮਾਤ ਪਾਉਣ ਲਗਾ । ਸ਼ਾਮ ਨੂੰ ਸੂਰਮੇ ਪਟੇਬਾਜੀ ਦੇ ਜੌਹਰ ਦਿਖਾਉਣ ਲਗੇ । ਗੱਲ ਕੀ, ਹਰ ਪਾਸਿਉਂ ਅਨੰਦਮਈ ਰੌਣਕਾਂ ਵਧਨ ਲਗੀਆਂ । ਇਕ ਦਿਨ ਦੋ ਪਠਾਨ ਭਰਾ ਅਤਾਉੱਲਾ ਖਾਨ ਤੇ ਗੁਲ ਖਾਨ ਨੌਕਰੀ ਲਈ ਦੀਵਾਨ ਵਿਚ ਹਾਜ਼ਰ ਹੋਏ । ਗੁਰੂ ਜੀ ਨੇ ਇਨ੍ਹਾਂ ਨੂੰ ਫੌਜ ਵਿਚ ਨੌਕਰ ਰਖ ਲਿਆ । ਇਹ ਦੋਵੇਂ ਭਰਾ ਮੀਰਪੁਰ ਛੋਟਾ ਦੇ ਵਸਨੀਕ ਅਤੇ ਪੈਂਦੇ ਖਾਂ ਦੇ ਪੋਤੇ ਸਨ । ਜਦੋਂ ਵੀ ਇਹ ਸਾਹਿਬਾਂ ਦੇ ਦਰਸ਼ਨ ਲਈ ਆਉਂਦੇ, ਗੁਰੂ ਜੀ ਇਹਨਾਂ ਤੇ ਬਹੁਤ ਪ੍ਰਸੰਨ ਹੁੰਦੇ ਅਤੇ ਇਹ ਦੋਵੇਂ ਨਜ਼ਦੀਕ ਬੈਠ ਕੇ ਬਹੁਤ ਪ੍ਰੇਮ ਪਿਆਰ ਜਤਾਉਂਦੇ ਸਨ । ਇਹ ਦੇਖ ਕੇ ਕੁਝ ਸਿੰਘਾਂ ਨੇ ਸ਼ੰਕਾ ਵੀ ਪਰਗਟ ਕੀਤੀ ।

ਇਕ ਦਿਨ ਕਨਾਤਾਂ ਅੰਦਰ ਗਰੂ ਜੀ ਸਵਾ ਲੱਖ ਹੀ ਬਿਰਾਜਮਾਨ ਸਨ । ਇਨ੍ਹਾਂ ਨੀਚ ਤੁਰਕਾਂ ਨੇ ਵੇਲਾ ਤਾੜ, ਸਾਹਿਬਾਂ ਤੇ ਕਟਾਰ ਨਾਲ ਵਾਰ ਕੀਤਾ, ਜੋ ਸਾਹਿਬਾਂ ਦੀ ਵੱਖੀ ਵਿਚ ਲੱਗੀ ਤੇ ਅੱਖ ਖੁਲ੍ਹ ਗਈ । ਗੁਰੂ ਜੀ ਨੇ ਇਕ ਹੱਥ ਨਾਲ ਜ਼ਖਮ ਦਬ ਕੇ ਦੂਜੇ ਹੱਥ ਨਾਲ ਤੇਗ ਵਾਹ ਕੇ ਇਕ ਗੀਦੀ ਨੂੰ ਉਥੇ ਹੀ

ਥਾਇ ਰਖਿਆ। ਦੂਜੇ ਪਠਾਨ ਨੂੰ ਜੋ ਭੈ ਭੀਤ ਹੋ ਕੇ ਨੱਠਣ ਲੱਗਾ ਤਾਂ ਭਾਈ ਆਲਮ ਸਿੰਘ ਨੇ ਪਾਰ ਬੁਲਾ ਦਿਤਾ। ਝੱਟ ਹੀ ਹਕੀਮ ਤੇ ਜਿਰਾਹ ਹਾਜ਼ਰ ਹੋਏ ਅਤੇ ਹਜ਼ੂਰ ਦੀ ਮਰ੍ਹਮ ਪੱਟੀ ਕੀਤੀ ਗਈ। ਇਸ ਘਟਨਾ ਤੇ ਸ਼ੋਕ ਪਰਗਟ ਕਰਨ ਲਈ ਬਾਦਸ਼ਾਹ ਬਹਾਦਰ ਸ਼ਾਹ ਨੇ ਵੀ ਸ਼ਾਹੀ ਉਮਰਾੱ ਤੇ ਹਕੀਮ ਭੇਜੇ। ਥੋੜੇ ਦਿਨਾਂ ਵਿਚ ਹੀ ਜ਼ਖਮ ਭਰ ਗਿਆ ਅਤੇ ਹਜ਼ੂਰ ਤਿਆਰ ਬਰ ਤਿਆਰ ਹੋ ਗਏ। ਇਸ ਘਟਣਾ ਨੂੰ ਕਈ ਲਿਖਾਰੀਆਂ ਨੇ ਬੜੀ ਫਿਰਕੂ ਰੰਗਨ ਦਿੰਦਿਆਂ ਲਿਖਿਆ ਹੈ ਕਿ ਗੁਰੂ ਜੀ ਨੰਦੇੜ ਵਿਚ ਕਤਲ ਕਰ ਦਿਤੇ ਗਏ, ਜੋ ਬਿਲਕੁਲ ਨਿਰਮੂਲ ਤੇ ਝੂਠ ਹੈ। ਗੁਰੂ ਮਹਾਰਾਜ ਸਾਰੀ ਮਨੁੱਖ ਜਾਤੀ ਦੇ ਸਾਂਝੇ ਪੈਗੰਬਰ ਸਨ। ਉਹ ਕੇਵਲ ਜ਼ਾਲਮ ਦੇ ਜ਼ੁਲਮ ਨੂੰ ਖਤਮ ਕਰਨ ਲਈ ਆਏ ਸਨ। ਨਿਆਸਰਿਆਂ ਦੇ ਆਸਰੇ ਸਨ ਅਤੇ ਨਿਤਾਣਿਆਂ ਲਈ ਪਿਤਾ ਦਾ ਸੀਸ ਤਕ ਵਾਰ ਕੇ ਤਾਣ ਵਾਲੇ ਬਣਾਇਆ। ਫਿਰ ਜੰਗ ਦੇ ਇਸ ਮਹਾਨ ਸ਼ਾਹ ਸਵਾਰ ਅਤੇ ਮਹਾਨ ਜਨਰੈਲ ਤੋਂ ਇਹ ਪਠਾਨ ਬੱਚੇ ਤਾਂ ਕੀ, ਸਾਰੀ ਮੁਗਲ ਫੌਜ ਹਾਰ ਗਈ ਸੀ, ਜਿਸ ਦੀ ਸਾਖ ਅੱਜ ਵੀ ਚਮਕੌਰ ਦੀ ਗੜ੍ਹੀ ਦਿੰਦੀ ਹੈ। ਅਸਲ ਵਿਚ ਨਵਾਬ ਸਰਹੰਦ ਵਜ਼ੀਰ ਖਾਨ ਨੇ ਜੋ ਆਪਣੇ ਪਾਪ ਕਰ ਕੇ ਕੰਬ ਰਿਹਾ ਸੀ, ਇਨ੍ਹਾਂ ਪਠਾਨ ਬੱਚਿਆਂ ਨੂੰ ਬੜੇ ਇਨਾਮ ਇਕਰਾਮ ਦਾ ਲਾਲਚ ਦੇ ਕੇ ਇਸ ਨੀਚ ਕੰਮ ਲਈ ਰਾਜ਼ੀ ਕਰ ਲਿਆ। ਇਹ ਦੋਵੇਂ ਪਹਿਲਾਂ ਦਿੱਲੀ ਮਾਤਾ ਜੀ ਪਾਸ ਆਏ। ਉਥੋਂ ਪਤਾ ਲੱਗਨ ਤੇ ਨੰਦੇੜ ਪੁਜ ਕੇ ਗੁਰੂ ਜੀ ਦੀ ਫੌਜ ਵਿਚ ਸ਼ਾਮਲ ਹੋ ਗਏ। ਐਸੇ ਲੋਕਾਂ ਦੀਆਂ ਨੀਚਤਾਈਆਂ ਨੇ ਹੀ ਸਾਰੀ ਮੁਸਲਮਾਨ ਕੌਮ ਦਾ ਸਿਰ ਨੀਵਾਂ ਕੀਤਾ ਹੈ। ਪਤਾ ਲਗਦਾ ਹੈ ਕਿ ਬਾਦਸ਼ਾਹ ਖੁਦ ਵੀ ਦੂਹਰੀ ਚਾਲ ਚਲ ਰਿਹਾ ਸੀ। ਉਸ ਨੇ ਵੀ ਇਨ੍ਹਾਂ ਪਠਾਨਾਂ

ਦੇ ਵਾਰਸਾਂ ਨੂੰ ਇਨਾਮ ਆਦਿ ਦੇਣ ਦਾ ਹੁਕਮ ਸਾਦਰ ਕੀਤਾ ਸੀ ।

## ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰ ਗੱਦੀ

ਪ੍ਰਾਤ ਪੰਚਮੀ ਸੁਰਗਵਾਰ, ਦਿਵਸ ਭਲੇ ਉਹ ਲੀਨ ਬਿਚਾਰ ।
ਹੋਇ ਤਯਾਰੀ ਹਮਰੀ ਪਰਲੋਕ, ਧਰਹੁ ਅਨੰਦ ਨ ਕੀਜਹਿ ਸੋਕ ।
[ਸੂਰਜ ਪ੍ਰਕਾਸ਼]

ਇਸ ਕੌਤਕ ਤੋਂ ਤੀਜੇ ਦਿਨ ਗੁਰੂ ਜੀ ਨੇ ਉਕਤ ਹੁਕਮਨਾਮਾ ਖਾਲਸਾ ਜੀ ਨੂੰ ਸੁਣਾਉਂਦਿਆਂ ਫੁਰਮਾਇਆ ਕਿ ਸਾਨੂੰ ਸ੍ਰੀ ਅਕਾਲ ਪੁਰਖ ਪਿਤਾ ਜੀ ਵਲੋਂ ਧੁਰ ਦਾ ਸੱਦਾ ਆ ਗਿਆ ਹੈ। ਸੋ ਦੂਜੇ ਦਿਨ ਕੱਤਕ ਸੁਦੀ ਦੂਜ ਨੂੰ ਅੰਮ੍ਰਿਤ ਵੇਲੇ ਤਖਤ ਸਾਹਿਬ ਉਤੇ ਬੜੇ ਆਦਰ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਦਾਤਾ ਜੀ ਨੇ ਇਹ ਉਪਦੇਸ਼ ਦੇ ਕੇ:--

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ ।

ਅਤੇ :-- ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ ।

ਸਾਹਿਬਾਂ ਨੇ ਪੰਜ ਪੈਸੇ ਨਰੇਲ ਮੱਥਾ ਟੇਕ ਗੁਰਿਆਈ ਤਿਲਕ ਗਿਆਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖਸ਼ ਕੇ ਸਰਬਤ ਪੰਥ ਖਾਲਸੇ ਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨੀ ਪਾ ਦਿਤਾ ।

ਕਤਕ ਸੁਦੀ ਪੰਚਮੀ ਵਾਲੇ ਦਿਨ ਵੀਰਵਾਰ ਨੂੰ ਸੌ ਮਣ ਚੰਦਨ ਦੀ ਲਕੜੀ ਮੰਗਵਾ ਕੇ ਕਨਾਤਾਂ ਅੰਦਰ ਚਿਖਾ ਤਿਆਰ

ਕੀਤੀ ਗਈ ਅਤੇ ਇਸੇ ਦਿਨ ਇਕ ਬਹੁਤ ਭਾਰੀ ਯਗ ਸੰਪੂਰਨ ਹੋਇਆ। ਗੁਰੂ ਜੀ ਨੇ ਕੇਸੀ ਇਸ਼ਨਾਨ ਸੋਧ, ਸੁੰਦਰ ਪੁਸ਼ਾਕਾ ਪਹਿਣ, ਬਹੁਮੁੱਲੀ ਜਿਗ੍ਹਾ ਤੇ ਪੂਰੇ ਸ਼ਸਤਰ ਬਸਤਰ ਸਜਾਏ। ਇਸ ਵੇਲੇ ਸਾਹਿਬਾਂ ਦੇ ਸੱਚਖੰਡ ਪਿਆਨੇ ਦੀ ਖਬਰ ਸੁਣ ਕੇ ਬੜੇ ਦੂਰੋਂ ਦੂਰੋਂ ਸੰਤ ਮਹਾਤਮਾ ਅਤੇ ਦਰਸ਼ਨ ਅਭਿਲਾਸ਼ੀ ਸੰਗਤਾਂ ਪੁੱਜੀਆਂ ਹੋਈਆਂ ਸਨ। ਸਾਹਿਬਾਂ ਨੇ ਅੰਤਮ ਉਪਦੇਸ਼ ਦਿੰਦਿਆਂ ਫੁਰਮਾਇਆ, 'ਖਾਲਸਾ ਜੀਉ! ਸਾਡੇ ਪਿਛੋਂ ਕਿਸੇ ਨੇ ਰੁਦਨ ਨਹੀਂ ਕਰਨਾ ਅਤੇ ਨਾ ਹੀ ਸਾਡਾ ਅੰਗੀਠਾ ਫੋਲਣਾ ਹੈ ਅਤੇ ਸਾਡੇ ਦਰਸ਼ਨਾਂ ਲਈ ਪੰਜਾਂ ਸਿੰਘਾਂ ਵਿਚ ਸਾਡਾ ਸਰੂਪ ਸਮਝਣਾ।' ਫਿਰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ, ਜੋ ਹਜ਼ੂਰ ਦੇ ਲੰਗਰ ਪ੍ਰਸ਼ਾਦਿ ਦੀ ਸੇਵਾ ਕਰਦੇ ਸਨ, ਨੂੰ ਇਸ ਤਖਤ ਸਾਹਿਬ ਜੀ ਦੀ ਜਥੇਦਾਰੀ ਦੀ ਸੇਵਾ ਸੌਂਪ ਕੇ ਹੁਕਮ ਕੀਤਾ, 'ਇਸ ਥਲੁ ਰਹੁ ਦੇਗ ਬਰਤਾਵਹੁ, ਸ਼ਰਧਾ ਯੁਤ ਜੁ ਸਿੰਘ ਟਿਕਾਵਹੁ। ਦਰਬ ਅਸੰਖ ਇਹਾਂ ਜੋ ਆਏ, ਤਿਸਦੇ ਨਹਿ ਮੰਦਰ ਚਿਨਵਾਇ।' ਉਕਤ ਹੁਕਮਨਾਮਾ ਸੁਣ ਕੇ ਭਾਈ ਸੰਤੋਖ ਸਿੰਘ ਨੇ ਬੇਨਤੀ ਕੀਤੀ, 'ਮਹਾਰਾਜ ਜੀਉ! ਇਧਰ ਤਾਂ ਸਿੰਘਾਂ ਦੀ ਵੱਸੋਂ ਹੀ ਨਹੀਂ ਹੈ ਤੇ ਮਾਇਆ ਲੰਗਰ ਲਈ ਕਿਧਰੋਂ ਆਇਗੀ।' ਫਿਰ ਹੁਕਮ ਹੋਇਆ, 'ਕਰਹੁ ਪਕਾਵਨ ਦੇਹੁ ਵਰਤਾਇ। ਧਨ ਕੀ ਚਿੰਤਾ ਨਾ ਕਰਿਯਹਿ ਕਾਇ। ਇਕ ਦੋ ਬ੍ਰਿੰਦਕ ਇਹਾਂ ਬਨੇ ਹੈ, ਜੋ ਸੰਪੂਰਨ ਦੇਗ ਚਲੇ ਹੈ।'

[ਸੂਰਜ ਪ੍ਰਕਾਸ਼]

ਹਜ਼ੂਰ ਨੇ ਫੁਰਮਾਇਆ, 'ਭਾਈ ਸਾਹਿਬ ਜੀ! ਇਹ ਦੇਸ਼ ਮੇਰੇ ਖਾਲਸੇ ਤੋਂ ਵਾਂਝਾ ਨਹੀਂ ਰਹੇਗਾ। ਅਸੀਂ ਵੀ ਇਕ ਦੋ ਸੰਤ ਮਹਾਤਮਾਂ ਐਸੇ ਭੇਜਾਂਗੇ, ਜੋ ਇਥੇ ਸੰਪੂਰਨ ਦੇਗ ਚਲਾਉਣਗੇ।'

ਇਸ ਵੇਲੇ ਰਾਤ ਪੈ ਚੁਕੀ ਸੀ। ਗੁਰੂ ਜੀ ਨੇ ਇਹ ਅੰਤਮ ਉਪਦੇਸ਼ ਦੇ ਕੇ ਸਾਰੀ ਸੰਗਤ ਨੂੰ ਧੀਰਜ ਬੰਧਵਾਈ ਅਤੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਗਜਾ ਕੇ ਸਵਾ ਲੱਖ ਹੀ ਕਨਾਤਾਂ ਅੰਦਰ ਚਲੇ ਗਏ। ਇਸ ਵੇਲੇ ਅਗਨੀ ਦੇ ਤੇਜਮਈ ਸ਼ੁਅਲੇ ਬੜੀ ਉਚੀ ਪ੍ਰਕਾਸ਼ ਮਈ ਹਾਲਤ ਵਿਚ ਦਿਸਣ ਲਗੇ। ਅਕਾਸ਼ ਵਿਚ ਬਹੁਤ ਭਾਰੀ ਪ੍ਰਕਾਸ਼ ਹੋਇਆ ਅਤੇ ਸੁਰਗਣ ਜੈ ਜੈਕਾਰ ਤੇ ਫੁੱਲ ਵਰਸਾਂਦੇ ਨਜ਼ਰੀਂ ਪਏ। ਵੈਰਾਗ ਵਿਚ ਕਈ ਸਿੰਘ ਰੁਦਨ ਕਰਨ ਲਗੇ। ਸਾਰੀ ਰਾਤ 'ਜਾਗਨਾ ਜਾਗਨ ਨੀਕਾ' ਵੈਰਾਗਮਈ ਸ਼ਬਦ ਪੜ੍ਹਦਿਆਂ ਲੰਘੀ, ਸਵੇਰੇ ਥੋੜੇ ਦਿਨ ਚੜ੍ਹੇ ਇਕ ਸੰਤ ਨੇ ਗੁਰੂ ਜੀ ਦਾ ਹੁਕਮਨਾਮਾ ਸਿੰਘਾਂ ਪ੍ਰਤੀ ਆ ਕੇ ਸੁਣਾਇਆ ਅਤੇ ਰੁਦਨ ਕਰਨੋਂ ਹਟਾ ਕੇ ਧੀਰਜ ਬੰਧਵਾਈ। ਕਈ ਬਿਹਬਲ ਸਿੰਘਾਂ ਨੇ ਅੰਗੀਠਾ ਸਾਹਿਬ ਫੋਲਿਆ, ਕੇਵਲ ਇਕ ਛੋਟੀ ਜਿਹੀ ਕਿਰਪਾਨ ਮਿਲੀ, ਜੋ ਅਸਥਾਨ ਥਾਪਨਾ ਕੀਤੀ ਗਈ। ਫਿਰ ਅਸਤਬਲ ਵਿਚੋਂ ਸਾਹਿਬਾਂ ਦਾ ਬਾਜ਼ ਘੋੜਾ ਗਾਇਬ ਹੋਇਆ ਵੇਖ ਕੇ ਸੰਗਤਾਂ ਨੂੰ ਪੂਰਾ ਯਕੀਨ ਆ ਗਿਆ, ਕਿ ਚੋਜੀ ਪ੍ਰੀਤਮ ਇਸ ਪਵਿੱਤਰ ਭੂਮੀ ਤੇ ਬੇਅੰਤ ਚੋਜ ਵਰਤਾ ਕੇ ਸੰਮਤ ੧੭੬੫ (੧੭੦੮ ਈ:) ਕਤਕ ਸੁਦੀ ਪੰਚਮੀ ਨੂੰ ਸਣੇ ਦੇਹ ਹੀ ਸਚਖੰਡ ਪਿਆਨਾ ਕਰ ਗਏ ਹਨ।

## ਇਮਾਰਤੀ ਸੇਵਾ :--

ਤਖਤ ਸਾਹਿਬ ਜੀ ਦੀ ਇਮਾਰਤੀ ਸੇਵਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ੧੮੩੨ ਈਸਵੀ ਵਿਚ ਸ੍ਰ: ਚੰਦਾ ਸਿੰਘ ਦੀ ਜਥੇਦਾਰੀ ਵਿਚ ਕਾਫੀ ਰਾਜ ਮਜ਼ਦੂਰ ਭੇਜ ਕੇ ਆਰੰਭੀ ਸੀ; ਪ੍ਰੰਤੂ ਹਾਲਾਂ ਬਾਰਾਂਦਰੀ ਸ਼ੇਰੇ ਪੰਜਾਬ ਅਤੇ ਤਖਤ ਸਾਹਿਬ ਦੀਆਂ ਕੇਵਲ ਦੋ ਮੰਜ਼ਲਾਂ ਹੀ ਬਣੀਆਂ ਸਨ ਕਿ ਸ਼ੇਰੇ ਪੰਜਾਬ ਦੇ

ਅਕਾਲ ਚਲਾਣੇ ਕਰਕੇ ਇਨ੍ਹਾਂ ਨੂੰ ੧੯੩੮ ਵਿਚ ਕੰਮ ਬੰਦ ਕਰਕੇ ਵਾਪਸ ਜਾਣਾ ਪਿਆ ਅਤੇ ਇਹ ਸੇਵਾ ਉਹਨਾਂ ਦੀ ਇਛਾ ਅਨੁਸਾਰ ਸੰਪੂਰਨ ਨਹੀਂ ਸੀ ਹੋ ਸਕੀ। ਹੁਣ ਸ੍ਰੀਮਾਨ ਸੰਤ ਬਾਬਾ ਜੀਵਨ ਸਿੰਘ ਜੀ ਅਤੇ ਸੰਤ ਬਾਬਾ ਦਲੀਪ ਸਿੰਘ ਜੀ ਦੀ ਅਨਥੱਕ ਸੇਵਾ ਦਾ ਸਦਕਾ ਬਾਹਰਲੇ ਗੁਰਦੁਆਰਿਆਂ -- ਮਾਲ ਟੇਕੜੀ, ਹੀਰਾ ਘਾਟ, ਮਾਤਾ ਸਾਹਿਬ ਅਤੇ ਸ਼ਿਕਾਰ ਘਾਟ -- ਨੂੰ ਜਾਣ ਲਈ ਪੱਕੀਆਂ ਸੜਕਾਂ ਬਣ ਗਈਆਂ ਹਨ। ਗੁਰਦੁਆਰਾ ਸ਼ਿਕਾਰ ਘਾਟ ਦੀ ਸੁੰਦਰ ਇਮਾਰਤ ਅਤੇ ਸਰੋਵਰ ਦਰਸ਼ਨ ਕਰਨ ਯੋਗ ਹਨ। ਗੁਦਾਵਰੀ ਨਦੀ ਉਤੇ ਭਾਰੀ ਪੁਲ ਵੀ ਇਨ੍ਹਾਂ ਮਹਾਂਪੁਰਸ਼ਾਂ ਨੇ ਬਣਾਇਆ ਹੈ, ਜੋ ਇਕ ਮਹਾਨ ਕਾਰਜ ਹੈ। ਇਹ ਸਾਰੇ ਮਹਾਂਪੁਰਸ਼ ਬ੍ਰਹਮ ਗਿਆਨੀ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਤੇ ਉਹਨਾਂ ਦੇ ਸੇਵਕ ਸੰਤ ਬਾਬਾ ਝੰਡਾ ਸਿੰਘ ਜੀ ਦੇ ਸੇਵਕ ਹਨ। ਸੰਤ ਬਾਬਾ ਦਲੀਪ ਸਿੰਘ ਜੀ ਸ਼ਿਕਾਰ ਘਾਟ ਦੀ ਸੇਵਾ ਸਮੇਂ ਅਤੇ ਸੰਤ ਬਾਬਾ ਜੀਵਨ ਸਿੰਘ ਜੀ ਸੇਵਾ ਸੰਪੂਰਨ ਹੋਣ ਉਤੇ ਗੁਰਪੁਰੀ ਸਿਧਾਰ ਗਏ ਸਨ। ਫਿਰ ਇਨ੍ਹਾਂ ਦੇ ਸੇਵਕ ਸੰਤ ਬਾਬਾ ਹਰੀ ਸਿੰਘ ਜੀ ਗੁਰੂ ਅਸਥਾਨਾਂ ਦੀ ਸੇਵਾ ਕਰਵਾਂਦੇ ਰਹੇ। ਸੰਤ ਬਾਬਾ ਹਰੀ ਸਿੰਘ ਜੀ ਵੀ ਗੁਰਪੁਰੀ ਸਿਧਾਰ ਗਏ ਹਨ ਅਤੇ ਹੁਣ ਇਹ ਸੇਵਾ ਸੰਤ ਬਾਬਾ ਜਗਤਾਰ ਸਿੰਘ ਜੀ (ਪ੍ਰਬੰਧਕ ਜਥੇਦਾਰ ਬਾਬਾ ਸ਼ੀਸ਼ਾ ਸਿੰਘ ਜੀ) ਕਰਵਾ ਰਹੇ ਹਨ। ਗੁਰਦੁਆਰਾ ਮਾਤਾ ਸਾਹਿਬ ਦੀ ਸੇਵਾ ਸੰਤ ਬਾਬਾ ਜੱਸਾ ਸਿੰਘ ਜੀ ਕਰਵਾ ਰਹੇ ਹਨ।

## ਸ੍ਰੀ ਤਖਤ ਸਾਹਿਬ ਦੀ ਨਿਤ ਮਰਿਆਦਾ

ਸਵੇਰੇ ਅੰਮ੍ਰਿਤ ਵੇਲੇ ਤਿੰਨ ਵਜੇ ਹੀ ਸ੍ਰੀ ਤਖਤ ਸਾਹਿਬ ਜੀ ਦਾ ਸਾਮ੍ਹਣਾ ਦਰਵਾਜ਼ਾ ਖੁਲ੍ਹਦਾ ਹੈ, ਅਤੇ ਗੁਰੂ ਜੀ ਦੇ ਦੋ ਅਸਵਾਰੇ ਦਸਮ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ

ਦੇ ਪਰਕਾਸ਼ ਹੁੰਦੇ ਹਨ । ਗੁਰੂ ਮਹਾਰਾਜ ਦਾ ਹੁਕਮਨਾਮਾ ਸਰਵਨ ਕਰਦਿਆਂ ਹੀ ਹੈਡ ਪੁਜਾਰੀ ਸਾਹਿਬ ਜੀ ਗੰਗਾ ਜਲ ਨਾਲ ਭਰੀ ਚਾਂਦੀ ਦੀ ਗਾਗਰ ਫੜ, ਅੰਦਰੋਂ ਦਰਵਾਜਾ ਲਾ ਕੇ ਤਖਤ ਇਸ਼ਨਾਨ ਤੇ ਸ਼ਸਤਰਾਂ ਬਸਤਰਾਂ ਦੀ ਸੇਵਾ ਵਿਚ ਜੁਟ ਜਾਂਦੇ ਸਨ । ਮੀਤ ਪੁਜਾਰੀ ਸਾਹਿਬ ਚੰਦਨ ਰਗੜਦੇ ਹਨ ਤੇ ਨਾਮ ਬਾਣੀ ਜਪਦੇ ਹਨ । ਰਾਗੀ ਸਿੰਘ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਹਨ, ਜਿਸ ਦਾ ਭੋਗ ਪੈਣ ਤੇ ਛੇ ਵਜੇ ਮੀਤ ਪੁਜਾਰੀ ਸਾਹਿਬ ਦੇ ਅਰਦਾਸਾ ਸੋਧਨ ਤੇ ਸ੍ਰੀ ਤਖਤ ਸਾਹਿਬ ਜੀ ਦਾ ਸਾਮ੍ਹਣਾ ਦਰਵਾਜਾ ਖੁਲ੍ਹਦਾ ਹੈ । ਹੈਡ ਪੁਜਾਰੀ ਸਾਹਿਬ ਗੁਰੂ ਮਹਾਰਾਜ ਜੀ ਨੂੰ ਕੜਾਹ ਪ੍ਰਸ਼ਾਦਿ ਦਾ ਭੋਗ ਲੁਆ ਕੇ ਸਾਰੇ ਦਰਵਾਜੇ ਖੋਲ੍ਹ ਦਿੰਦੇ ਹਨ । ਸੰਗਤਾਂ ਦਰਸ਼ਨ ਪਰਸ ਕੇ ਨਿਹਾਲ ਹੁੰਦੀਆ ਹਨ । ਫਿਰ ਪਿਛਲੇ ਦਰਵਾਜੇ ਤੋਂ ਗੁਰੂ ਮਹਾਰਾਜ ਜੀ ਦੇ ਤਿੰਨ ਅਸਵਾਰੇ, ਜਿਨ੍ਹਾਂ 'ਚ ਇਕ ਸ੍ਰੀ ਦਸ੍ਮ ਗਰੰਥ ਸਾਹਿਬ ਹੁੰਦੇ ਹਨ, ਬੜੇ ਪ੍ਰੇਮ ਉਤਸ਼ਾਹ ਨਾਲ 'ਅਬਚਲ ਨਗਰ ਗੋਬਿੰਦ ਗੁਰੂ ਕਾ' ਦੀ ਮਨਮੋਹਨੀ ਧੁਨੀ ਵਿਚ ਪਰਕਾਸ਼ ਅਸਥਾਨ ਤੇ ਲਿਆ ਕੇ ਪਰਕਾਸ਼ ਹੁੰਦੇ ਹਨ । ਫਿਰ ਗ੍ਰੰਥੀ ਸਿੰਘ ਜੀ ਹੁਕਮਨਾਮਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ । ਇੰਨੇ ਨੂੰ ਅੱਠ ਵਜ ਜਾਂਦੇ ਹਨ, ਹੈਡ ਪੁਜਾਰੀ ਸਾਹਿਬ ਦਰਵਾਜੇ ਲਾ ਕੇ ਚਲੇ ਜਾਂਦੇ ਹਨ ਅਤੇ ਅੰਦਰ ਦੀ ਚੌਕੀ ਸਮਾਪਤ ਹੁੰਦੀ ਹੈ । ਨੌਂ ਵਜੇ ਤਕ ਗਿਆਨੀ ਸਿੰਘ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭੀ ਕਥਾ ਬੜੇ ਪ੍ਰੇਮ ਉਤਸ਼ਾਹ ਨਾਲ ਸਰਵਨ ਕਰਾਉਂਦੇ ਹਨ ।

ਦਸ ਵਜੇ ਚਰਨ ਕੰਵਲ ਦੀ ਚੌਕੀ ਸ਼ੁਰੂ ਹੁੰਦੀ ਹੈ । ਗੁਰੂ ਜੀ ਨੂੰ ਕੜਾਹ ਪ੍ਰਸ਼ਾਦਿ ਭੇਟ ਹੋ ਕੇ ਸੰਗਤਾਂ ਵਿਚ ਵਰਤਦਾ ਹੈ । ਇੰਨੇ ਨੂੰ ਗੁਰੂ ਕਾ ਲੰਗਰ ਖੁਲ੍ਹ ਜਾਂਦਾ ਹੈ, ਜਿਸ ਤੋਂ ਪਿਛੋਂ

ਗਿਆਨੀ ਜੀ ਇਕ ਘੰਟੇ ਲਈ ਸ੍ਰੀ ਦਸਮ ਗ੍ਰੰਥ ਜੀ ਦੀ ਕਥਾ ਕਰਦੇ ਹਨ ।

ਚਾਰ ਵਜੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਹੁੰਦੀ ਹੈ । ਸ਼ਾਮ ਨੂੰ ਪੰਜ ਵਜੇ ਸੋਦਰ ਦੀ ਚੌਕੀ ਵਾਲੇ ਰਾਗੀ ਸਿੰਘ ਜੀ ਕੀਰਤਨ ਅਰੰਭਦੇ ਹਨ । ਇਸ ਵੇਲੇ ਦਰਵਾਜੇ ਖੁਲ੍ਹਣ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਭੇਟ ਹੁੰਦੀ ਹੈ । ਕੀਰਤਨ ਦੇ ਭੋਗ ਪੈਣ ਤੇ ਰਹਿਰਾਸੀਏ ਸਿੰਘ ਜੀ ਬੜੀ ਉਚੀ ਸੁਰ ਅਤੇ ਪ੍ਰੇਮ ਨਾਲ ਸ੍ਰੀ ਰਹਿਰਾਸ ਜੀ ਦਾ ਪਾਠ ਕਰਦੇ ਹਨ । ਅਰਦਾਸ ਬੇਨਤੀ ਪਿਛੋਂ ਗੁਰੂ ਮਹਾਰਾਜ ਜੀ ਦੇ ਚਾਰ ਅਸਵਾਰੇ ਪਿਛਲੇ ਦਰਵਾਜੇ ਤੋਂ ਬੜੇ ਪ੍ਰੇਮ ਸਤਿਕਾਰ ਨਾਲ ਸ੍ਰੀ ਤਖਤ ਸਾਹਿਬ ਜੀ ਅੰਦਰ ਬਿਰਾਜਮਾਨ ਕੀਤੇ ਜਾਂਦੇ ਹਨ ਅਤੇ ਫਿਰ ਥਾਲ ਸਜਾ ਜਗਾ ਕੇ ਆਰਤੀ ਹੁੰਦੀ ਹੈ । ਫਿਰ ਸੰਗਤਾਂ ਉਚੀ ਸੁਰ ਨਾਲ ਕੀਰਤਨ ਕਰਦੀਆਂ ਤਖਤ ਸਾਹਿਬ ਨਿਸ਼ਾਨ ਸਾਹਿਬਾਂ ਦੀ ਪਰੇਮ ਉਤਸ਼ਾਹ ਨਾਲ ਪ੍ਰਕਰਮਾ ਲੈਂਦੀਆਂ ਹਨ ।

## ਅੰਮ੍ਰਿਤ ਪਰਚਾਰ

ਅੰਮ੍ਰਿਤ ਅਭਿਲਾਸ਼ੀਆਂ ਨੂੰ ਸਵੇਰੇ ਦਸ ਵਜੇ ਤੋਂ ਪਿਛੋਂ ਖੰਡੇ ਦਾ ਅੰਮ੍ਰਿਤ ਪਾਣ ਕਰਾਇਆ ਜਾਂਦਾ ਹੈ; ਪ੍ਰੰਤੂ ਤਖਤ ਸਾਹਿਬ ਜੀ ਤੇ ਮਾਈਆਂ ਬੀਬੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਪਾਨ ਕਰਾਇਆ ਜਾਂਦਾ ਹੈ ਜੋ ਗੁਰਮਤਿ ਦੇ ਅਨੁਕੂਲ ਨਹੀਂ ਅਤੇ ਇਹ ਸੇਵਾ ਪੰਜ ਪਿਆਰਿਆਂ ਦੀ ਥਾਂ ਕੇਵਲ ਮੀਤ ਪੁਜਾਰੀ ਸਵਾ ਲੱਖ ਹੀ ਨਿਭਾਂਦੇ ਹਨ । ਆਸ ਹੈ ਕਿ ਪਰਬੰਧਕ ਅਧਿਕਾਰੀ ਇਧਰ ਧਿਆਨ ਦੇ ਕੇ ਸਭ ਮਾਈ ਭਾਈ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪਰਾਪਤ ਕਰਨਗੇ । ਤਖਤ ਸੱਚਖੰਡ

ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨਾਮ ਬਾਣੀ ਦੇ ਰਸੀਏ ਅਤੇ ਪੂਰਨ ਗੁਰਸਿਖ ਹਨ ।

# ਸ੍ਰੀ ਹਜ਼ੂਰ ਸਾਹਿਬ ਜੀ ਦੇ ਮਹੱਲੇ

**੧) ਵਿਸਾਖੀ ਮਹਲਾ :–**

ਇਹ ਮਹਲਾ ਪੰਥ ਖਾਲਸੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਬੜੇ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ । ਸ਼ਾਮ ਨੂੰ ਚਾਰ ਵਜੇ ਗੁਰੂ ਜੀ ਦੇ ਕੋਤਲ ਤੇ ਖਾਲਸਈ ਨਿਸ਼ਾਨ ਸਾਹਿਬ ਦੀ ਤਾਬਿਆ ਮਹਲਾ ਨਿਕਲ ਕੇ ਸ਼ਬਦ ਕੀਰਤਨ ਕਰਦਾ ਹੋਇਆ ਵਡਾ ਬੋੜਾ, ਗੋਬਿੰਦ ਬਾਗ, ਮੰਡੀ ਤੋਂ ਸੰਤ ਮਹਾਰਾਜ ਮਾਨ ਦਾਸ ਘਾਟ ਤੋਂ ਹੁੰਦਾ ਹੋਇਆ ਸ਼ਾਮ ੮/੯ ਵਜੇ ਗੁਰਦੁਆਰਾ ਨਗੀਨਾ ਘਾਟ ਪੁਜ ਕੇ ਇਥੇ ਰਹਿਰਾਸ ਦੇ ਪਾਠ ਦਾ ਅਨੰਦ ਮਾਣਦਾ ਹੈ । ਅਰਦਾਸ ਬੇਨਤੀ ਪਿਛੋਂ ਗੁਰਦੁਆਰਾ ਲੰਗਰ ਸਾਹਿਬ ਵਿਖੇ ਗਫੇ ਲਾ, ਇਥੋਂ ਚਾਲੇ ਪਾ ਕੇ ਰਾਤ ਨੂੰ ੧੨ ਕੁ ਵਜੇ ਸ੍ਰੀ ਸੱਚਖੰਡ ਸਾਹਿਬ ਪੁੱਜ ਕੇ ਸਮਾਪਤ ਹੁੰਦਾ ਹੈ ।

**੨) ਦਸਹਿਰਾ ਮਹਲਾ :–**

ਇਸ ਪੁਰਬ ਤੋਂ ਨੌਂ ਦਿਨ ਪਹਿਲਾਂ ਸ੍ਰੀ ਸੱਚਖੰਡ ਸਾਹਿਬ ਜੀ ਦੇ ਤਾਬਿਆ ਸਰਬਤ ਗੁਰਦੁਆਰਿਆਂ ਵਿਚ ਸ੍ਰੀ ਚੰਡੀ ਦੀ ਵਾਰ ਦਾ ਪਾਠ ਹੁੰਦਾ ਹੈ । ਇਹ ਮਹਲਾ ਵੀ ਸ਼ਾਮ ਨੂੰਚਾਰ ਵਜੇ ਚੜ੍ਹਕੇ ਪੁਰਾਣੇ ਰਸਤੇ (ਵਿਸਾਖੀ ਮਹਲੇ ਵਾਲੇ) ਅਤੇ ਮੰਡੀ ਵਿਚੋਂ ਹੁੰਦਾ ਹੋਇਆ ੯/੧੦ ਵਜੇ ਨਗੀਨਾ ਘਾਟ ਆ ਜਾਂਦਾ ਹੈ ਅਤੇ ਰਾਤ ੧੨ ਕੁ ਵਜੇ ਸ੍ਰੀ ਸੱਚਖੰਡ ਸਾਹਿਬ ਪੁਜ ਕੇ ਸਮਾਪਤ ਹੁੰਦਾ ਹੈ ।

੩) ਦੀਵਾਲੀ ਮਹਲਾ :-

ਇਸ ਪੁਰਬ ਤੇ ਹਜ਼ੂਰ ਦੇ ਸਾਰੇ ਸ਼ਸਤਰਾਂ ਦੇ ਖੁਲ੍ਹੇ ਦਰਸ਼ਨ ਹੁੰਦੇ ਹਨ। ਮਹਲੇ ਤੋਂ ਤਿੰਨ ਦਿਨ ਪਹਿਲਾਂ ਸ੍ਰੀ ਅੰਗੀਠਾ ਸਾਹਿਬ ਦੇ ਸਾਰੇ ਸ਼ਸਤਰ ਬਾਹਰਲੀਆਂ ਪਰਕਰਮਾਂ ਵਿਚ ਬਣੇ ਸੁੰਦਰ ਹਾਲ ਵਿਚ ਸਜਾਏ ਜਾਂਦੇ ਹਨ। ਸੰਗਤਾਂ ਗਰਮ ਜਲ ਅਤੇ ਦਹੀਂ ਨਾਲ ਅੰਗੀਠਾ ਸਾਹਿਬ ਨੂੰ ਪ੍ਰੇਮ ਨਾਲ ਇਸ਼ਨਾਨ ਕਰਾਂਦੀਆਂ ਹਨ। ਦੂਜੇ ਦਿਨ ਦੀਪ ਮਾਲਾ ਤੇ ਆਤਸ਼ਬਾਜ਼ੀ ਚਲਦੀ ਹੈ। ਤਖਤ ਇਸ਼ਨਾਨ ਤੋਂ ਤੀਜੇ ਦਿਨ ਸ਼ਾਮ ਨੂੰ ਚਾਰ ਵਜੇ ਖਾਲਸਈ ਨਿਸ਼ਾਨ ਸਾਹਿਬ ਦੀ ਤਾਬਿਆ ਮਹਲਾ ਖੜਦਾ ਹੋਇਆ ਪੁਰਾਣੇ ਰਸਤੇ, ਦਸਹਿਰੇ ਮਹਲੇ ਦੀ ਤਰ੍ਹਾਂ, ਰਾਤ ਨੂੰ ੧੨ ਵਜੇ ਸ੍ਰੀ ਸੱਚਖੰਡ ਸਾਹਿਬ ਪੁਜ ਕੇ ਸਮਾਪਤ ਹੁੰਦਾ ਹੈ।

੪) ਹੋਲਾ ਹਮਲਾ :-

ਪੂਰਨਮਾਸ਼ੀ ਤੋਂ ਦੂਜੇ ਦਿਨ ਇਹ ਮਹਲਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਸ਼ਾਮ ਨੂੰ ਚਾਰ ਵਜੇ ਨਿਸ਼ਾਨ ਸਾਹਿਬ ਦੀ ਤਾਬਿਆ ਮਹਲਾ ਚੜ੍ਹਕੇ ਵਡੇ ਬੌੜੇ ਤੇ ਖੇਤਾਂ ਵਿਚ ਦੀ ਹੁੰਦਾ ਹੋਇਆ ਗੁਰਦੁਆਰਾ ਸੰਗਤ ਸਾਹਿਬ ਪੁਜ ਕੇ ਸ਼ਬਦ ਕੀਰਤਨ ਦਾ ਅਨੰਦ ਮਾਣਦਾ ਹੈ। ਅਰਦਾਸ ਬੇਨਤੀ ਪਿਛੋਂ ਇਥੋਂ ਚਾਲੇ ਪਾ ਕੇ ਨਦੀ ਕੰਢੇ ਹੁੰਦਾ ਹੋਇਆ ਸ਼ਾਮ ਨੂੰ ੯/੧੦ ਵਜੇ ਗੁਰਦੁਆਰਾ ਨਗੀਨਾ ਘਾਟ ਪੁਜ ਕੇ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪ੍ਰੰਤ ਲੰਗਰ ਪ੍ਰਸ਼ਾਦਿ ਛਕ ਇਥੋਂ ਚਾਲੇ ਪਾ ਕੇ ੧੨ ਵਜੇ ਸੱਚਖੰਡ ਸਾਹਿਬ ਪੁਜ ਕੇ ਸਮਾਪਤ ਹੁੰਦਾ ਹੈ।

੫) ਮਹਲਾ ਗੁਰਿਆਈ :-

ਇਹ ਮਹਲਾ ਸੰਮਤ ੨੦੦੫ ਤੋਂ ਪਰੰਪਰਾ ਮਰਿਆਦਾ ਵਿਚ ਆਇਆ ਹੈ। ਕਤਕ ਸੁਦੀ ਦੂਜ ਨੂੰ ਸਵੇਰੇ ਅਠ ਵਜੇ

ਗੁਰਦੁਆਰਾ ਨਗੀਨਾ ਘਾਟ ਸਾਹਿਬ ਜੀ ਤੋਂ ਇਕ ਪੁਸ਼ਪਾਂ ਨਾਲ ਸਜੀ ਗੱਡੀ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੜੇ ਪ੍ਰੇਮ ਨਾਲ ਮਹਲਾ ਨਿਕਲਦਾ ਹੈ। ਸ਼ਬਦ ਕੀਰਤਨ ਦਾ ਅਨੰਦ ਮਾਣਦਾ ਹੋਇਆ ਦੁਪਹਿਰ ੧੦/੧੧ ਵਜੇ ਸ੍ਰੀ ਸੱਚਖੰਡ ਸਾਹਿਬ ਪੁਜ ਕੇ ਸਮਾਪਤ ਹੁੰਦਾ ਹੈ, ਜਿਥੇ ਪੰਜ ਪਿਆਰੇ ਸਾਹਿਬਾਨ ਸ੍ਰੀ ਗੁਰੂ ਮਹਾਰਾਜ ਜੀ ਨੂੰ ਬੜੇ ਆਦਰ ਸਤਿਕਾਰ ਨਾਲ ਸ੍ਰੀ ਤਖਤ ਸਾਹਿਬ ਜੀ ਤੇ ਅਸਥਾਪਨ ਕਰ ਸੰਗਤਾਂ ਪ੍ਰਤੀ ਹੁਕਮਨਾਮਾ ਸੁਣਾ ਕੇ ਨਿਹਾਲ ਕਰਦੇ ਹਨ।

**ਚੌਕੀ ਗੁ: ਸੰਗਤ ਸਾਹਿਬ :–**

ਹੋਲੇ ਮਹਲੇ ਤੋਂ ਤਿੰਨ ਹਫਤੇ ਪਹਿਲਾਂ ਇਹ ਚੌਕੀ ਸਵੇਰੇ ਹੀ ਸੱਚਖੰਡ ਸਾਹਿਬ ਤੋਂ ਚਲ ਕੇ ਸ਼ਬਦ ਕੀਰਤਨ ਕਰਦੀ ਹੋਈ ਦੁਪਹਿਰ ਦਾ ਲੰਗਰ ਗੁ: ਸੰਗਤ ਸਾਹਿਬ ਪੁਜ ਕੇ ਛਕਦੀ ਹੈ। ਇਥੇ ਸ਼ਬਦ ਕੀਰਤਨ ਤੋਂ ਉਪ੍ਰੰਤ ਖਾਲਸਈ ਨਿਸ਼ਾਨ ਦਾ ਨਵਾਂ ਫਰੇਰਾ ਝੁਲਾ ਕੇ ਸ਼ਾਮ ਨੂੰ ਵਾਪਸ ਸ੍ਰੀ ਸੱਚਖੰਡ ਸਾਹਿਬ ਪੁੱਜ ਕੇ ਸਮਾਪਤ ਹੁੰਦੀ ਹੈ।

**ਚੌਕੀ ਗੁ: ਸ਼ਿਕਾਰ ਘਾਟ :–**


ਇਹ ਚੌਕੀ ਹੋਲੇ ਮਹਲੇ ਤੋਂ ਇਕ ਹਫਤਾ ਪਹਿਲਾਂ ਸਵੇਰੇ ਸ੍ਰੀ ਸੱਚਖੰਡ ਸਾਹਿਬ ਜੀ ਤੋਂ ਚਾਲੇ ਪਾ ਕੇ ਕੀਰਤਨ ਕਰਦੀ ਗੁ: ਹੀਰਾ ਘਾਟ ਦੁਪਹਿਰ ਨੂੰ ਪਹੁੰਚਕੇ ਲੰਗਰ ਛਕਦੀ ਹੈ। ਸਾਰੀ ਰਾਤ ਇਥੇ ਸ਼ਬਦ ਕੀਰਤਨ ਹੁੰਦਾ ਹੈ। ਸਵੇਰੇ ਤਿੰਨ ਵਜੇ ਹੀ ਗੁਰਦੁਆਰਾ ਲੰਗਰ ਸਾਹਿਬ ਦੇ ਸੇਵਕ ਜਥੇ ਵਲੋਂ ਸੰਗਤਾਂ ਨੂੰ ਗਰਮ ਚਾਹ ਛਕਾਈ ਜਾਂਦੀ ਹੈ। ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਤੋਂ ਬਾਅਦ ਇਥੋਂ ਚਾਲੇ ਪਾ ਕੇ ਗੁ: ਮਾਤਾ ਸਾਹਿਬ ਵਿਖੇ

ਦੀਵਾਨ ਤੇ ਲਗਰ ਦੀ ਹਾਜ਼ਰੀ ਭਰ ਕੇ ਸ਼ਾਮ ਨੂੰ ਲਗਰ ਗੁ: ਸ਼ਿਕਾਰ ਘਾਟ ਪਹੁੰਚਕੇ ਛਕਦੀ ਹੈ। ਇਥੇ ਵੀ ਸਾਰੀ ਰਾਤ ਹਰੀ ਜਸ ਹੁੰਦਾ ਹੈ। ਸਵੇਰੇ ਇਥੋਂ ਚਾਲੇ ਪਾ ਕੇ ਸ੍ਰੀ ਸੱਚਖੰਡ ਸਾਹਿਬ ਪੁਜ ਚੌਕੀ ਸਮਾਪਤ ਹੁੰਦੀ ਹੈ।


ਉਕਤ ਮਹਲਿਆ ਤੋਂ ਇਲਾਵਾ ਇਥੇ ਤਿੰਨ ਗੁਰਪੁਰਬ ਧੂਮ ਧਾਮ ਨਾਲ ਮਨਾਏ ਜਾਂਦੇ ਹਨ (੧) ਜਨਮ ਉਤਸਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ (੨) ਜਨਮ ਉਤਸਵ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ (੩) ਕਤਕ ਸੁਦੀ ਪੰਚਮੀ ਜੋਤੀ ਜੋਤ ਪਾਤਸ਼ਾਹੀ ਦਸਵੀਂ। ਇਨ੍ਹਾਂ ਗੁਰਪੁਰਬਾਂ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਗੁਰੂ ਮਹਾਰਾਜ ਜੀ ਦੇ ਕੌਤਲਾਂ ਦੀ ਤਾਬਿਆ ਨਗਰ ਕੀਰਤਨ ਦੀ ਸ਼ਕਲ ਵਿਚ ਜਲੂਸ ਨਿਕਲਦਾ ਹੈ, ਜੋ ਸੱਚਖੰਡ ਸਾਹਿਬ ਦੀ ਪ੍ਰਕਰਮਾ ਕਰਦਾ ਹੋਇਆ ਸ਼ਾਮ ਨੂੰ ਸਤ ਵਜੇ ਸਮਾਪਤ ਹੁੰਦਾ ਹੈ।

## ਦਰਸ਼ਨ ਕਰਨ ਯੋਗ ਸ਼ਸਤਰ

੧) ਸਾਹਿਬਾਂ ਦੀ ਸੁਨਹਿਰੀ ਹੀਰੇ ਜਵਾਹਰਾਤ ਜੜਤ ਜਿਗਾ ਕਲਗੀ; ੨) ਛੋਟੀ ਕ੍ਰਿਪਾਨ--ਇਹ ਹਜ਼ੂਰ ਦੇ ਜੋਤੀ ਜੋਤ ਸਮਾਉਣ ਪਿਛੋਂ ਅੰਗੀਠਾ ਸਾਹਿਬ ਵਿਚੋਂ ਲਭੀ ਸੀ; ੩) ਦਸਮੇਸ਼ ਪਿਤਾ ਜੀ ਦਾ ਤੀਰ ਕਮਾਨ ਸਣੇ ਭੱਥਾ; ੪) ਤੀਰ ਫੌਲਾਦੀ; ੫) ਗਜਗਾਹ ਦਸਮੇਸ਼ ਪਿਤਾ ਜੀ ਦੀ; ੬) ਭਗੌਤਾ ਬਾਬਾ ਦੀਪ ਸਿੰਘ ਜੀ; ੭) ਭਗੌਤਾ ਭਾਈ ਸੰਤੋਖ ਸਿੰਘ ਜੀ; ੮) ਭਗੌਤਾ ਭਾਈ ਗੁਰਬਖਸ਼ ਸਿਘ ਜੀ; ੯) ਭਗੌਤਾ ਢਾਲਾ ਅਕਾਲੀ ਫੂਲਾ ਸਿੰਘ ਜੀ; ੧੦) ਭਗੌਤਾ ਮਹਾਰਾਜਾ ਰਣਜੀਤ ਸਿੰਘ ਜੀ, ਅਤੇ ੧੧) ਭਗੌਤਾ ਸੰਤ ਬਾਬਾ ਨਿਧਾਨ ਸਿੰਘ ਜੀ।



ਗੁਰਦੁਆਰਾ ਗੁਪਤਸਰ ਸਾਹਿਬ, ਮਨਮਾੜ



ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ, ਬਿਦਰ

# ਗੁਰਦੁਆਰਾ ਬਿਸ਼ਨਪੁਰੀ

ਗੁਰਦੁਆਰਾ "ਛੋਟੀ ਸੰਗਤ" ਤੇ "ਬੜੀ ਸੰਗਤ" ਇਹ ਦੋ ਗੁਰਦੁਆਰੇ ਗੁ: ਨਾਨਕਪੁਰੀ ਤੇ ਰਤਨਗੜ੍ਹ ਜਾਣ ਵੇਲੇ ਪੱਕੀ ਸੜਕ ਤੋਂ ਥੋੜੇ ਦੂਰ ਵਲ ਬਿਸ਼ਨਪੁਰੀ ਪਿੰਡ ਸਸ਼ੋਭਤ ਹਨ। ਏਸ ਪਿੰਡ ਵਿਚ ਬਹੁਤ ਸਾਰੇ ਗੁਰਸਿੱਖ ਪ੍ਰੇਮੀ ਰਿਹਾਇਸ਼ ਕਰਦੇ ਹਨ। ਛੋਟੀ ਸੰਗਤ ਹੇਠਲੇ ਹਿੱਸੇ ਵਲ ਸਸ਼ੋਭਤ ਹੈ।

# ਗੁਰਦੁਆਰਾ ਨਾਨਕਸਰ ਸਾਹਿਬ

॥ ਦੋਹਿਰਾ ॥

ਸਤਿਗੁਰ ਨਾਨਕ ਦੇਵ ਜੀ, ਤਾਰਨ ਆਏ ਜਹਾਨ।
ਚਾਰ ਦੇਵ ਮਿਲ ਜਸ ਕਰੇਂ ਮਹਿਮਾ ਮਹਾਂ ਮਹਾਨ।

॥ ਚੌਪਈ ॥

ਦੱਖਨ ਦੇਸ ਗੁਰ ਤਾਰਨ ਆਏ। ਮਾਲ ਟੇਕੜੀ ਡੇਰੇ ਲਾਏ ॥
ਮਾਲ ਟੇਕਟੀ ਤੇ ਜਬ ਚਾਲੇ। ਬਿਸ਼ਨਪੁਰੀ ਢਿਗ ਆਏ ਤਤਕਾਲੇ ॥
ਥਾਨ ਰਮਣੀਕ ਦੇਖ ਬਿਸਾਲਾ। ਬੈਠ ਗਏ ਸ੍ਰੀ ਪ੍ਰਭੂ ਕ੍ਰਿਪਾਲਾ ॥
ਨੌ ਦਿਨ ਨੌ ਪਲ ਤਹਾਂ ਬਿਤਾਇ। ਸਤਿਗੁਰ ਲੀਲਾ ਕਥੀ ਨਾ ਜਾਇ ॥
ਯਹਿ ਬੈਠੇ ਬੇਦੀ ਕੁਲ ਚੰਦਾ। ਸ਼ੋਭਾ ਜਿਨ ਕੀ ਚੰਦ ਮਨਿੰਦਾ ॥
ਯਹਿ ਤੇ ਬਿਦਰ ਗਏ ਗੁਣ ਖਾਨੀ। ਸ਼ਿਵਸ਼ੰਕਰ ਮਿਲ ਕਥੇ ਗਿਆਨੀ ॥
ਜਹਿ ਸਤਿਗੁਰ ਨੇ ਚਰਨ ਟਿਕਾਇ। ਨਾਨਕਪੁਰੀ ਨਾਮ ਤਹ ਠਾਇ ॥
ਤਾਲ ਮਹਾਨ ਵਹੇ ਇਕ ਸੁੰਦਰ। ਨਹਾਇ ਕਲੇਸ ਮਿਟੇ ਦੁੱਖ ਦੁੰਦਰ ॥
ਊਚ ਹਵੇਲੀ ਤਹਾਂ ਸੁਹਾਵੈ। ਦਰਸ ਕਰੇ ਮਨ ਬਾਂਛਤ ਪਾਵੈ ॥
ਜੋ ਸਿੱਖ ਤਹਿ ਠਾਹ ਦਰਸ਼ਨ ਕਰੈ। ਸਤਿਗੁਰ ਮਨ ਕਾ ਸੰਸਾ ਹਰੈ ॥
ਮਨਸਾ ਧਾਰ ਜੋ ਤਾਲ ਮਹਿ ਨ੍ਹਾਵੈ। ਚਾਰ ਪਦਾਰਥ ਲੈ ਘਰ ਜਾਵੈ।
ਪੀਰ ਫਕੀਰ ਗੁਣ ਨਾਨਕ ਗਾਵੈ। ਹਰਨਾਮਸਿੰਘ ਤਹ ਬਲਬਲ ਜਾਵੈ॥

ਇਹ ਗੁਰਦੁਆਰਾ ਨਾਨਕਸਰ ਸਾਹਿਬ ਸੱਚਖੰਡ ਸਾਹਿਬ ਜੀ ਤੋਂ ਛੇ ਮੀਲ ਨਦੀ ਪਾਰ ਦੱਖਨ-ਪੱਛਮ ਦੀ ਗੁੱਠ ਵਿਚ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਤਾਜ਼ਾ ਕਰਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਬਿਦਰ ਜਾਂਦਿਆਂ ਇਥੇ ਰੁਕੇ ਸਨ। ਸਰੋਵਰ ਕੰਢੇ ਬੇਰੀ ਸਾਹਿਬ ਹੈ। ਗੁਰੂ ਨਾਨਕ ਦੇਵ ਜੀ ਇਸ ਬੇਰੀ ਹੇਠਾਂ ਬੈਠ ਕੇ ੯ ਦਿਨ ਅਤੇ ੯ ਘੜੀਆਂ ਤਪੱਸਿਆ ਕੀਤੀ ਤਾਂ ਭਾਈ ਮਰਦਾਨੇ ਨੇ ਆਖਿਆ, 'ਮਹਾਰਾਜ ਜੀ! ਇਥੇ ਜਲ ਦੀ ਬਹੁਤ ਕਮੀ ਹੈ, ਜਲ ਚਾਹੀਦਾ ਹੈ।' ਸਤਿਗੁਰਾਂ ਕਿਹਾ, 'ਰਬਾਬ ਵਜਾ।' ਭਾਈ ਮਰਦਾਨੇ ਨੇ ਰਬਾਬ ਵਜਾਈ ਤਾਂ ਇਕ ਜਲ ਦਾ ਸੋਮਾਂ ਨਿਕਲਿਆ। ਭਾਈ ਮਰਦਾਨੇ ਨੇ ਜਲ ਛਕ ਕੇ ਬੇਨਤੀ ਕੀਤੀ, 'ਮ਼ਹਾਰਾਜ ਜੀ! ਇਹ ਜਲ ਇਤਨਾ ਮਿੱਠਾ ਕਿਉਂ ਹੈ?' ਤਾਂ ਸਤਿਗੁਰਾਂ ਫੁਰਮਾਇਆ, 'ਇਹ ਧਰਤੀ ਦੇਵਤਿਆਂ ਦੀ ਧਰਤੀ ਹੈ, ਇਸ ਕਰਕੇ ਇਹ ਜਲ ਮਿੱਠਾ ਹੈ।' ਜਦ ਇਹ ਬਚਨ ਬਿਲਾਸ ਚਲ ਰਹੇ ਸਨ, ਤਾਂ ਇਕ ਕੋਹੜੀ ਨੇ ਆ ਕੇ ਬੇਨਤੀ ਕੀਤੀ ਕਿ 'ਮਹਾਰਾਜ ਜੀ! ਮੇਰਾ ਵੀ ਕੋਹੜ ਦੂਰ ਕਰੋ।' ਤਾਂ ਸਤਿਗੁਰ ਉਸ ਕੋਹੜੀ ਨੂੰ ਸੋਮੇ ਹੇਠਾਂ ਇਸ਼ਨਾਨ ਕਰਾਇਆ ਅਤੇ ਜਲ ਛਕਾਇਆ। ਉਸ ਕੋਹੜੀ ਦਾ ਕੋਹੜ ਦੂਰ ਹੋ ਗਿਆ। ਉਸ ਕੋਹੜੀ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਇਸ ਸੋਮੇ ਨੂੰ ਸਰਵਰ ਦਾ ਵਰ ਚਾਹੀਦਾ ਹੈ ਤਾਂ ਜੋ ਇਸ ਤਰ੍ਹਾਂ ਹੋਰ ਲੋਕਾਂ ਦੇ ਵੀ ਦੁਖ ਦੂਰ ਹੋਇਆ ਕਰਨ। ਸਤਿਗੁਰਾਂ ਸਰੋਵਰ ਦਾ ਵਰ ਦਿਤਾ ਅਤੇ ਫੁਰਮਾਇਆ ਕਿ ਜਿਸਦੇ ਘਰ ਕੋਈ ਪੁੱਤਰ ਨਾ ਹੋਵੇ ਜਾਂ ਕੋਈ ਹੋਰ ਦੁਖ ਹੋਵੇ, ਇਸ ਸਰੋਵਰ ਵਿਚ ਸ਼ਰਧਾ ਨਾਲ ਇਸ਼ਨਾਨ ਕਰੇ, ਆਸਾਂ ਮੁਰਾਦਾਂ ਪੂਰੀਆਂ ਹੋਣਗੀਆਂ।


ਇਸ ਸਰੋਵਰ ਦੀ ਸੇਵਾ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਦੂਸਰੀ ਵਾਰ ਸੰਤ ਬਾਬਾ ਨਿਧਾਨ ਸਿੰਘ ਨੇ ਕਰਵਾਈ। ਇਸ ਸਮੇਂ ਸਰੋਵਰ ਅਤੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲੇ ਕਰਵਾ ਰਹੇ ਹਨ।

# ਗੁਰਦੁਆਰਾ ਰਤਨਗੜ੍ਹ ਸਾਹਿਬ


ਜਦ ਸਤਿਗੁਰ ਭਾਣਾਵਰਤਾਇਉ। ਦੱਖਨਦਿਸ਼ਾਕੀ ਓਰ ਸਿਧਾਇਓ॥
ਨੀਲੇ ਕੀ ਗੁਰੂ ਅਹੇ ਸਵਾਰੀ। ਸਤਿਗੁਰ ਲੀਲਾ ਅਪਰ ਅਪਾਰੀ ॥
ਇਕ ਸਾਧੂ ਆ ਦਰਸ਼ਨ ਕੀਨਾ। ਹਸ ਬੋਲੇ ਤਬ ਗੁਰੂ ਪਰਬੀਨਾ॥
ਅਹੋ ਸੰਤ ਸੁਣਿਓ ਮੋਹਿ ਪਿਆਰੇ। ਕਹੋ ਹਾਲ ਕਿਮ ਅਹੈ ਤੁਮਾਰੇ ॥
ਆਏ ਸੰਤ ਨੈ ਬੰਦਨ ਕਰੀ। ਨਮੋ ਨਮੋ ਸਤਿਗੁਰੂ ਹਰਿ ਹਰੀ ॥
ਦੋਇ ਕਰ ਜੋੜ ਸੰਤ ਜੀ ਬੋਲੇ। ਕਿਹ ਬਿਧ ਗਮਨਤ ਭਏ ਅਕੇਲੇ
ਦੀਨਦਿਆਲ ਕਿਮਐਸੇਆਇਓ। ਸਿਘਨਕੋਨਹੀ ਸਾਥ ਲਿਆਇਓ॥
ਸੁਣੋ ਸੰਤ ਗੁਰ ਐਸ ਬਖਾਨਾ। ਹਮਰੋ ਭਯੋ ਪਰਲੋਕ ਪਯਾਨਾ।
ਸੱਚਖੰਡ ਜਾਵੋ ਬਿਲਮ ਨ ਲਾਵੋ। ਸਭ ਸੰਗਤ ਕੋ ਜਾਇ ਸੁਣਾਵੋ ॥
ਘੋੜਾ ਸਾਜ ਬਾਜ ਹਮ ਲਾਇ। ਸੰਗਤ ਚਿੰਤਾ ਕਰੇ ਨ ਕਾਇ ॥
ਅੰਗ ਸੰਗ ਹਮ ਅਹੈ ਤੁਮਾਰੇ। ਸਤਿਗੁਰ ਤੁਮਰੇ ਕਾਜ ਸਵਾਰੇ ॥
ਬਿਹਬਲ ਹੋਣਾ ਮੋਹਿ ਨ ਭਾਈ। ਕੀਰਤਨ ਕਰਨਾ ਰਲ ਸਮਦਾਈ ॥
ਸਿੰਘਨ ਕੋ ਇਹ ਜਾਇ ਸੁਣਾਵੋ। ਸਿਮਰੋ ਸਤਿਨਾਮ ਸੁਖ ਪਾਵੋ ॥
ਗੁਰੂ ਕਾ ਹੁਕਮ ਸੰਤ ਲੈ ਆਇਉ। ਸਭ ਸੰਗਤ ਕੋ ਜਾਣ ਸੁਣਾਇਉ॥
ਆਗੇ ਸੰਗਤ ਬਿਹਬਲ ਹੋਈ। ਨਿਰਧਨ ਤੇ ਧਨ ਜੈਸੇ ਖੋਈ।
ਕਿਆ ਕਾਰਨ ਸੰਤ ਪੂਛਨ ਕਰਿਉ। ਚਿੰਤਾਤੁਰ ਗਤਿ ਚਿਤਮੈਧਰਿਉ॥

ਸਤਿਗੁਰ ਭਏ ਪਰਲੋਕ ਸਿਧਾਇ । ਚਿੰਤਾਤੁਰ ਸਿੰਘ ਭਾਖ ਸੁਣਾਇ ॥
ਭਾ ਅਚਰਜ ਕਛ ਲਖਿਓ ਨ ਜਾਵੈ ਸਭ ਸਿੰਘਨ ਕੋ ਹੁਕਮ ਸੁਣਾਵੈ॥
ਜੰਗਲ ਖੇਲੇ ਗੁਰੂ ਸ਼ਿਕਾਰ । ਸੁਣੋ ਖਾਲਸਾ ਨਿਹਚੈ ਧਾਰ ॥
ਘੋੜੇ ਪਰ ਅਸਵਾਰ ਗੁਸਾਈ । ਮਾਥੇ ਕਲਗੀ ਬਾਜ ਸੁਹਾਈ ॥
ਨਹੀਂ ਤਬੇਲੇ ਨੀਲਾ ਘੋੜਾ । ਸਿਹਾ ਨਾ ਜਾਏ ਗੁਰੂ ਵਿਛੋੜਾ ॥
ਨਿਹਚੇ ਧਾਰ ਸੁਣੇ ਜੇ ਕੋਈ । ਸਿਖੀ ਤਿਸੇ ਪਰਾਪਤ ਹੋਈ ॥
ਕੌਤਕ ਰਚਿਓ ਸ੍ਰੀ ਕ੍ਰਿਪਾਲਾ । ਰਤਨਗੜ੍ਹ ਹੈ ਜਹਾਂ ਬਿਸਾਲਾ ॥
ਸਿਖ ਸਿਖਨੀ ਜੋ ਦਰਸ਼ਨ ਜੋਵੈ । ਕਲਿਮਲ ਮੈਲ ਸਕਲ ਹੀ ਧੋਵੈ ॥
ਨਾਮ ਰਤਨਗੜ੍ਹ ਗੁਰੂਦੁਆਰਾ । ਸ਼ੋਭਾ ਤਾਕੀ ਅਪਰ ਅਪਾਰਾ ॥
ਦਾਸਹਰਨਾਮਸਿੰਘਕਹੇਮਸਕੀਨ। ਸ੍ਰੀਗੁਰੂ ਕੌਤਕ ਇਸਬਿਧਕੀਨ ॥

ਇਹ ਗੁਰਦੁਆਰਾ ਰਤਨਗੜ੍ਹ ਸਾਹਿਬ, ਸ੍ਰੀ ਸਚਖੰਡ ਸਾਹਿਬ ਜੀ ਤੋਂ ਅਠ ਮੀਲ ਅਤੇ ਗੁ: ਨਾਨਕਪੁਰੀ ਤੋਂ ਦੋ ਮੀਲ ਦੱਖਨ ਦਿਸ਼ਾ ਨੂੰ ਪੱਕੀ ਸੜਕ ਤੇ ਰਤਨਾਗਿਰੀ ਦੀਆਂ ਉਚੀਆਂ ਉਚੀ ਆਂ ਪਹਾੜੀਆਂ ਵਿਚ ਘਿਰਿਆ ਹੋਇਆ ਸਾਹਿਬਾਂ ਦੀ ਅੰ ਮ ਯਾਦ ਤਾਜ਼ਾ ਕਰਾ ਰਿਹਾ ਹੈ । ਇਥੇ ਗੁਰੂ ਜੀ ਨੇ ਸਚਖੰਡ ਪਿਆਨੇ ਕਰਨ ਮਗਰੋਂ ਇਕ ਦਰਸ਼ਨ ਅਭਿਲਾਸ਼ੀ ਸੰਤ ਜੀ ਨੂੰ ਦੀਦਾਰੇ ਬਖਸ਼ ਕੇ ਫੁਰਮਾਇਆ ਸੀ, ਕਿ 'ਤੁਸੀਂ ਸਚਖੰਡ ਜਾ ਕੇ ਖਾਲਸੇ ਨੂੰ ਰੁਦਨ ਕਰਨੋਂ ਹਟਾਉ ਅਤੇ ਦਸੋ ਅਸੀਂ ਖਾਲਸੇ ਦੇ ਸਦੀਵ ਅੰਗ ਸੰਗ ਹਾਂ ਅਤੇ ਸਾਰਾ ਖਾਲਸਾ ਕੀਰਤਨ ਅਤੇ ਸਤਿਨਾਮ ਦਾ ਜਾਪ ਕਰੇ। ਇਹ ਹੁਕਮ ਓਸ ਸੰਤ ਜੀ ਨੇ ਸਚਖੰਡ ਆ ਕੇ ਖਾਲਸੇ ਨੂੰ ਸੁਣਾਇਆ ਅਤੇ ਅਸਤਬਲ ਵਿਚੋਂ ਸਾਹਿਬਾਂ ਦਾ ਬਾਜ ਘੋੜਾ ਗਾਇਬ ਦੇਖ ਕੇ ਸਾਰਿਆਂ ਨੂੰ ਯਕੀਨ ਆ ਗਿਆ । ਕਈਆਂ ਨੇ ਸਾਹਿਬਾਂ ਦਾ ਅੰਗੀਠਾ ਫੋਲਿਆ ਜਿਸ ਵਿਚੋਂ ਕੇਵਲ ਇਕ ਛੋਟੀ ਕ੍ਰਿਪਾਨ ਲੱਭੀ ।



ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ, ਬਿਦਰ



ਗੁਰਦੁਆਰਾ ਗੁਪਤਸਰ ਸਾਹਿਬ, ਛਨਮਾੜ

ਇਸ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਸ੍ਰੀ ਮਾਨ ੧੦੮ ਸੰਤਾ ਬਾਬਾ ਨਿਧਾਨ ਸਿੰਘ ਜੀ ਨੇ ਕਰਾਈ ਹੈ ਅਤੇ ਗੁਰਦੁਆਰਾ ਸਾਹਿਬ ਜੀ ਦੀ ਨੀਂਹ ਰਖਣ ਵੇਲੇ ਲਾਗੇ ਦੇ ਚਾਲੀ ਕੁ ਪਿੰਡਾਂ ਨੂੰ ਲੰਗਰ ਛਕਾ ਕੇ ਇਕ ਭਾਰੀ ਯੱਗ ਕੀਤਾ ਸੀ। ਇਥੇ ਅਤੇ ਨਾਨਕਪੁਰੀ ਉਤੇ ਪਰਉਪਕਾਰੀ ਬਾਬਾ ਜੀ ਨੇ ਕਈ ਇਹੋ ਜਿਹੇ ਯੱਗ ਕੀਤੇ ਹਨ। ਸ੍ਰ: ਨਰਿੰਜਨ ਸਿੰਘ ਨੇ ਦੋ ਮੁਰੱਬੇ ਜ਼ਮੀਨ ਗੁਰਦੁਆਰਾ ਲੰਗਰ ਸਾਹਿਬ ਦੇ ਲੰਹ ਲੰਗਰ ਨਾਮ ਅਰਦਾਸ ਕਰਵਾਈ ਸੀ, ਜੋ ਇਥੇ ਹੀ ਹੈ ਅਤੇ ਉਸ ਦੀ ਆਮਦਨੀ ਲੰਗਰ ਵਿਚ ਸਫਲੀ ਹੁੰਦੀ ਹੈ।

# ਗੁਰਦੁਆਰਾ ਨਾਨਕ ਝੀਰਾ ਬਿਦਰ

ਥਾਨ ਰਮਣੀਕ ਦੇਖ ਦਇਆਲਾ। ਤਹਿ ਨਾ ਥਿਰੇ ਪ੍ਰਭ ਕ੍ਰਿਪਾਲਾ॥
ਇਸ ਥਲਕੋ ਅਸਭਾਗ ਲਗਾਯੋ। ਭਇਓ ਮਸ਼ਹੂਰ ਜਸ ਜਗਗਾਇਓ॥
ਅਤਿ ਸ਼ੁੰਦਰ ਪਾਣੀ ਕੀ ਧਾਰਾ। ਵਹੈ ਗੰਗਾ ਸਮ ਅਹੈ ਅਪਾਰਾ॥
ਨਾਨਕ ਝੀਰਾ ਨਾਮ ਭਣਿਓ ਹੈ। ਸੁੰਦਰ ਅਤੀ ਤਲਾਬ ਬਣਿਓ ਹੈ॥
ਕੁਛਕੁਸਮਾਂ ਇਸਥਾਂ ਬਿਤਾਇਓ। ਆਦਿ ਸਭਨ ਸ੍ਰੀਦਰਸ਼ਨਪਾਇਓ॥
ਮਨਸਾ ਧਾਰ ਜੋ ਜਗ ਤੇ ਆਵੈ। ਚਾਰ ਪਦਾਰਥ ਲੇਕਰ ਜਾਵੈ।
ਗੁਣ ਨਿਧਾਨ ਗੁਰ ਅੰਤਰਜਾਮੀ। ਚਲੇ ਬਿਦਰ ਸੇ ਜਗ ਕੇ ਸੁਆਮੀ॥
ਮਰਦਾਨਾ ਬਾਲਾ ਮਹਾਰਾਜਾ। ਪਾਂਚ ਕੋਸ ਪਰ ਜਾਇ ਬਿਰਾਜਾ॥
ਊਚੇ ਥਲ ਪਿਖ ਥਿਰੇ ਗੁਸਾਈ। ਭੇਖ ਫਕੀਰੀ ਅਜਬ ਸੁਹਾਈ॥
ਲਗੀ ਸਮਾਧ ਹਰੀ ਗੁਣ ਗਾਵੈ। ਮਰਦਾਨਾ ਰਬਾਬ ਬਜਾਵੈ॥
ਬਾਲਾ ਸੁੰਦਰ ਚੌਰ ਝੁਲਾਵੈ। ਜੈ ਜੈ ਕਾਰ ਦੇਵ ਗੁਣ ਗਾਵੈ॥
ਸ਼ਾਹ ਸ਼ਰਫਿ ਚੇਲੇ ਸੰਗ ਲਾਇ। ਮਕੇ ਕਾ ਹਜ ਕਰਨੇ ਜਾਇ॥
ਉਸੀ ਥਾਂ ਆ ਕੀਤਾ ਡੇਰਾ। ਜਿਹ ਬੈਠੇ ਸਨ ਗੁਰੂ ਗੁਹੇਰਾ॥
ਰੀਤ ਫਕੀਰੀ ਕੀ ਇਸ ਧਰੀ। ਕਹੇਂ ਫਕੀਰ ਕਿਆ ਕਰਨਾ ਕਰੀ॥

ਜਾਂ ਤੇ ਭੇਖ ਫਕੀਰੀ ਉਤਾਰੋ । ਨਹੀਂ ਤੋ ਹਸਰਾ ਭਰਮ ਨਿਵਾਰੋ ॥
ਯਾ ਤੋ ਕਰੋ ਫਕੀਰੀ ਲੱਛਨ । ਨਹੀਂ ਤੋ ਭੇਖ ਉਤਾਰ ਬਚੱਖਨ ॥
ਸ੍ਰੀ ਸਤਿਗੁਰੂ ਅਸ ਵਾਕ ਅਲਾਏ। ਸ਼ਾਹ ਦੇ ਮਨ ਦਾ ਭਰਮ ਮਿਟਾਇ ॥
ਹਥ ਜੋੜ ਸਲਾਮ ਸ਼ਾਹ ਕਰੀ । ਅਹੋ ਖੁਦਾ ਸ਼ੰਕਾ ਮਮ ਹਰੀ ॥
ਖੁਦਾਇ ਰੂਪ ਨਾਨਕ ਕਾ ਧਰਾ । ਦਰਸ ਕੀਏ ਦੁਖ ਅਪਦਾ ਟਰਾ ॥
ਲੈ ਆਗਿਆ ਤਬ ਜਾਵਨ ਕੇਰੀ। ਭੂਲ ਛਿਮਾ ਕਰੀਓ ਗੁਰੂ ਮੇਰੀ ॥
ਤਬ ਮਰਦਾਨੇ ਅਰਜ ਅਲਾਈ । ਹੇ ਗੁਰੂ ਹਜ ਮਕੇ ਚਿਤ ਚਾਈ ॥
ਮਰਦਾਨੇ ਦੇ ਚਿਤ ਦੀ ਜਾਣੀ । ਤਤ ਛਿਨ ਮਕੇ ਗਏ ਗੁਣ ਖਾਣੀ ॥

ਇਹ ਗੁਰਦੁਆਰਾ ਨਾਨਕ ਝੀਰਾ; ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ੨੦੦ ਕਿਲੋ ਮੀਟਰ ਦੱਖਨ ਦਿਸ਼ਾ ਵਿਚ ਕਰਨਾਟਕ ਸਟੇਟ ਵਿਚ ਬਿਦਰ ਸ਼ਹਿਰ ਤੋਂ ਦੋ ਮੀਲ ਦੇ ਫਾਸਲੇ ਤੇ ਸਸ਼ੋਭਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਾਨਕਪੁਰੀ ਨੂੰ ਭਾਗ ਲਾ ਕੇ ਇਥੇ ਪੁਜੇ ਅਤੇ ਨਗਰ ਨਿਵਾਸੀਆਂ ਵਲੋਂ ਬੇਨਤੀ ਕਰਨ ਤੇ, ਆਪਣੇ ਖੜਾਵ ਦੀ ਛੁਹ ਨਾਲ ਇਕ ਸੁੰਦਰ ਜਲ ਦਾ ਚਸ਼ਮਾ ਪਰਗਟ ਕੀਤਾ ਜੋ ਅਜ ਤਕ ਉਸੇ ਤਰ੍ਹਾਂ ਵਗਦਾ ਚਲਾ ਆ ਰਿਹਾ ਹੈ। ਕੁਛ ਸਮਾਂ ਇਥੇ ਹੀ ਰਬੀ ਅਨੰਦ ਮਾਣ ਕੇ ਤੇ ਮਰਦਾਨੇ ਦੀ ਬੇਨਤੀ ਤੇ ਗੁਰੂ ਜੀ ਮੱਕੇ ਸ਼ਰੀਫ ਨੂੰ ਚਾਲੇ ਪਾ ਗਏ ਸਨ। ਇਥੋਂ ਕਰੀਬਨ ਪੰਜ ਕੋਹ ਦੀ ਵਾਟ ਤੇ ਫਕੀਰ ਸ਼ਾਹ ਸ਼ਰਫ; ਜੋ ਆਪਣੇ ਚੇਲਿਆਂ ਸਮੇਤ ਮੱਕੇ ਸ਼ਰੀਫ ਦੇ ਹੱਜ ਨੂੰ ਜਾ ਰਿਹਾ ਸੀ, ਨਾਲ ਗਿਆਨ ਗੋਸਟ ਹੋਈ ਅਤੇ ਉਸ ਨੇ ਅਧੀਨ ਹੋ ਕੇ ਭੁਲ ਬਖਸ਼ਾਈ। ਇਧਰ ਸਿੰਘਾਂ ਦੀ ਵਸੋਂ ਨਾ ਹੋਣ ਕਰਕੇ ਨਜ਼ਾਮ ਰਾਜ ਵਿਚ ਇਸ ਗੁਰ ਧਾਮ ਤੇ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਸੀ, ਜਿਸ ਦਾ ਮੁਕੱਦਮਾ ਕਾਫੀ ਚਿਰ ਬਿਦਰ ਅਦਾਲਤ ਵਿਚ ਤੇ ਫਿਰ ਹਾਈ ਕੋਰਟ ਹੈਦਰਾਬਾਦ ਵਿਚ ਚਲਦਾ ਰਿਹਾ, ਜਿਸ ਦੀ ਪੈਰਵੀ ਦਾਸ

ਛੇ ਕੁਝ ਅਰਸਾ ਕੀਤੀ ਹੈ। ਅੰਤ ਫਤਿਹ ਖਾਲਸੇ ਦੀ ਹੋਈ। ਹੁਣ ਇਥੇ ਸ਼ਾਨਦਾਰ ਸਰੋਵਰ ਬਣ ਗਿਆ ਹੈ। ਸੰਗਤਾਂ ਦੇ ਆਰਾਮ ਲਈ ਬਹੁਤ ਸਾਰੇ ਕਮਰੇ ਅਤੇ ਗੁਰੂ ਨਾਨਕ ਡਿਸਪੈਂਸਰੀ ਬਣੀ ਹੈ। ਅਸਥਾਨ ਬਹੁਤ ਹੀ ਸੁੰਦਰ ਅਤੇ ਰਮਣੀਕ ਹੈ। ਇਥੋਂ ਕੋਈ ਪੰਜ ਛੇ ਮੀਲ ਦੂਰ ਦੂਰ ਜਨਵਾੜਾ ਪਿੰਡ ਵਿਚ ਮਾਈ ਭਾਗੋ ਦਾ ਅੰਗੀਠਾ ਸਾਹਿਬ ਹੈ, ਜਿਥੇ ਸੰਗਤਾਂ ਦਰਸ਼ਨਾਂ ਨੂੰ ਜਾਂਦੀਆਂ ਹਨ।

## ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ

॥ ਦੋਹਿਰਾ ॥

ਗੁਪਤ ਸਰੋਵਰ ਈਹਾਂ ਹੈ, ਪ੍ਰਭ ਆਏ ਬੰਦੀ ਛੋੜ ॥
ਬਾਲਾ ਰਾਓ ਅਤੇ ਰੁਸਤਮ ਰਾਓ, ਗੁਰ ਦੀਨੇ ਬੰਧਨ ਤੋੜ ॥

॥ ਚੌਪਈ ॥

ਰੁਸਤਮ ਰਾਓ ਅਤੇ ਬਾਲਾ ਰਾਈ। ਇਹ ਦੋਨੋਂ ਸੀ ਸੂਰੇ ਭਾਈ ॥
ਜਨਵਾੜਾ ਸ਼ਹਿਰ ਇਨਕੀ ਰਾਜਧਾਨੀ। ਲੂਟੈ ਪਰਜਾ ਰਾਜ ਬਗਾਨੀ॥
ਬਾਹੂਬਲ ਬਹੁਮਾਨ ਧਰਾਇਆ। ਮਰਹੱਟੇ ਰਾਓਦਾ ਰਾਜ ਸਤਾਇਆ॥
ਮਰਹਟੇ ਰਾਓ ਦਾ ਰਾਜਸਤਾਰੇ। ਕਰੀ ਲੜਾਈ ਉਠ ਬਲ ਕੋ ਧਾਰੇ॥
ਵਿਚ ਜੰਗ ਬਹੁ ਮਾਰ ਮਚਾਈ। ਲੀਏ ਪਕੜ ਤਹਿ ਦੋਨੋਂ ਭਾਈ॥
ਕਿਲ੍ਹੇ ਸਤਾਰੇ ਕੈਦੀ ਕੀਤੇ। ਦਿਤੇ ਦੂਖ ਕੇਤਕ ਦਿਨ ਬੀਤੇ ॥
ਇਕ ਸਿੰਘ ਉਹਾਂ ਪਹਿਰੇਦਾਰ। ਬਾਣੀ ਪੜ੍ਹਦਾ ਵਿਚ ਪਿਆਰ ॥
ਰੁਸਤਮਰਾਉ ਨੇ ਭਰਮ ਚੁਕਾਇਆ। ਕੈਸਾ ਮੰਤ੍ਰ ਹੈ ਇਹ ਗਾਇਆ ॥
ਸਤਿਗੁਰ ਕੇ ਸਿੰਘ ਸਭ ਸਮਝਾਯੋ। ਕਲਜੁਗਮਹਿਗੁਰੂਨਾਨਕਆਯੋ ॥
ਤਿਸ ਗੁਰੂ ਕੀ ਗਾਦੀ ਚਾਲੀ। ਦਸਮ ਜੋਤ ਗੁਰੂ ਬਧ ਬਹਾਲੀ ॥
ਜੋ ਕੋਈ ਸਿਮਰੇ ਹੋਇ ਅਨੰਦ। ਕਾਟੇ ਸਤਿਗੁਰੂ ਤਿਸ ਕੇ ਫੰਧ ॥
ਬੰਦੀ ਛੋੜ ਗੁਰੂ ਜਸ਼ ਸੁਣਾਏ। ਕਈ ਭੂਪ ਜਿਨ ਲੀਏ ਛੁਡਾਏ ॥

ਗੁਰੂ ਗੋਬਿੰਦ ਸਿੰਘ ਅੰਤਰਜਾਮੀ। ਭਗਤ ਜਨਾਂ ਕੇ ਕਰ ਹੈ ਕਾਮੀ॥
ਸੁਣ ਕਰ ਬਚਨ ਸ਼ਰਧਾ ਬਹੁ ਠਾਣੀ। ਰਾਤਦਿਵਸ ਗਾਵੈਂ ਗੁਰਬਾਣੀ॥
ਦੀਨਦਿਆਲ ਤਬ ਦਰਸ਼ਨ ਦੀਨਾ। ਅਨੰਦ ਰਿਦੇ ਬਹੁ ਭੂਪਨ ਕੀਨ॥
ਸਤਿਗੁਰ ਬੋਲੇ ਫੜੋ ਰਕਾਬ। ਯਾਦ ਕਿਆ ਤੁਮ ਨੇ ਉਰਧਾਰ॥

ਇਹ ਗੁਰਦੁਆਰਾ ਮਨਮਾੜ ਸ਼ਹਿਰ ਵਿਚ ਹੈ, ਜੋ ਦਿਲੀ--ਬੰਬੇ ਮੇਨ ਲਾਈਨ ਤੇ ਇਕ ਤਾਰੀ ਜੰਕਸ਼ਨ ਹੈ। ਸ੍ਰੀ ਹਜ਼ੂਰ ਸ ਹਿਬ ਜੀ ਨੂੰ ਇਥੋਂ ਹੀ ਛੋਟੀ ਲਾਈਨ ਲਈ ਗਡੀ ਬਦਲਣੀ ਪੈਂਦੀ ਹੈ। ਇਥੇ ਦਸਮੇਸ਼ ਪਿਤਾਂ ਜੀ ਨੇ ਬਾਲਾ ਰਾਓ ਤੇ ਰੁਸਤਮ ਰਾਓ ਦੋਨੋਂ ਸ਼ਾਹੀ ਕੈਦੀਆਂ ਨੂੰ ਸਤਾਰੇ ਦੇ ਕਿਲ੍ਹੇ ਚੋਂ ਸੁਹਣੇ ਨੀਲੇ ਦੀਆਂ ਰਕਾਬਾਂ ਫੜਾ ਕੇ ਲਿਆਂਦਾ ਸੀ।

ਇਥੇ ਭਾਰੀ ਜੰਗਲ ਸੀ। ਸ੍ਰੀ ਮਾਨ ੧੦੮ ਸੰਤ ਬਾਬਾ ਨਿਧਾਨ ਸਿੰਘ ਜੀ ਨੇ ਇਸ ਅਸਥਾਨ ਨੂੰ ਪ੍ਰਗਟ ਕਰਕੇ ਇਥੇ ਇਕ ਆਲੀਸ਼ਾਨ ਗੁਰਦੁਆਰਾ ਬਣਾਇਆਂ ਹੈ। ਇਥੇ ਵੀ ਗੁਰੂ ਕਾ ਲੰਗਰ ਸੰਗਤਾਂ ਲਈ ਹਰ ਵਕਤ ਖੁਲ੍ਹਾਂ ਹੈ। ਸੰਗਤਾਂ ਦੇ ਆਰਾਮ ਲਈ ਕਾਫੀ ਕਮਰੇ ਬਣ ਚੁਕੇ ਹਨ। ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤੀ ਸੇਵਾ ਸ਼ੁਰੂ ਹੈ ਜੋ ਬਹੁਤ ਹੀ ਸੁੰਦਰ ਤੇ ਦੇਖਣ ਯੋਗ ਹੈ।

## ਗੁਰਦੁਆਰਾ ਧਾਵਨੀ ਮਹਲਾ ਔਰੰਗਾਬਾਦ

ਜਦੋਂ ਦਸਮੇਸ਼ ਪਿਤਾ ਜੀ ਨੇ ਦੀਨੇ ਪਿੰਡ ਤੋਂ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀਂ ਨੂੰ ਜ਼ਫਰਨਾਂਮਾ ਦੇ ਕੇ ਔਰੰਗਜ਼ੇਬ ਪਾਸ ਭੇਜੀਆ ਸੀ ਉਸ ਵੇਲੇ ਔਰੰਗਜ਼ੇਬ ਇਥੇ ਹੀ ਠਹਿਰਿਆਂ ਹੋਇਆ ਸੀ; ਪੰਥ ਖਾਲਸੇ ਦੇ ਇਹ ਪੂਜਨੀਕ ਪਿਆਰੇ ਔਰੰਗਾਬਾਦ ਪੁਜ ਕੇ ਇਸ ਅਸਥਾਨ ਤੇ ਛੇ ਮਹੀਨੇ ਠਹਿਰੇ ਸਨ ਅਤੇ ਜ਼ਫਰਨਾਮਾ ਬਾਦਸ਼ਾਂਹ ਨੂੰ ਦੇ ਕੇ ਵਾਪਸ ਚਾਲੇ ਪਾ ਗਏ ਸਨ।

## ਦੇਹੁਰਾ ਨਾਮਦੇਵ ਜੀ

"ਜਿਓ ਜਿਓ ਨਾਮਾ ਹਰਿ ਗੁਣ ਉਚਰੇ ਭਗਤ ਜਨਾ ਕਉ ਦੇਹੁਰਾ ਫਿਰੇ" ਅਤੇ "ਫੇਰ ਦੀਆ ਦੇਹੁਰਾ ਨਾਮੇ ਕਉ" ; ਇਸ ਮੰਦਰ ਦਾ ਦਰਵਾਜ਼ਾ ਹੁਣ ਤਕ ਉਸੇ ਭਰ੍ਹਾਂ ਦੂਜੇ ਪਾਸੇ ਫਿਰਿਆ ਹੋਇਆ ਹੈ। ਇਹ ਅਸਥਾਨ ਪਰਭਨੀ ਜ਼ਿਲੇ ਦੇ ਹਿੰਗੋਲੀ ਤਅਲਕੇ ਵਿਚ ਚੋਂਡੀ ਸਟੇਸ਼ਨ ਲਾਗੇ ਸ਼ੁਸ਼ੋਭਤ ਹੈ। ਇਸ ਲਈ ਪੂਰਨਾਂ ਤੋਂ ਰੇਲਵੇ ਲਾਈਨ ਨਿਕਲਦੀ ਹੈ। ਚੋਂਡੀ ਸਟੇਸ਼ਨ ਤੋਂ ਸਵਾਰੀ ਵੀ ਮਿਲਦੀ ਹੈ। ਇਧਰ ਇਸ ਮੰਦਰ ਨੂੰ ਔਂਡਾ ਨਾਗਨਾਥ ਵੀ ਬੋਲਦੇ ਹਨ।

# ਹੋਰ ਦਰਸ਼ਨੀ ਗੁਰਦੁਆਰੇ ਅਤੇ ਬੁੰਗੇ

੧) ਬੁੰਗਾ ਮਾਈ ਭਾਗੋ
੨) ਸ੍ਰੀ ਅਕਾਲ ਬੁੰਗਾ
੩) ਟਿੰਡ ਬੁੰਗਾ
੪) ਬੁੰਗਾ ਭਾਈ ਸਾਪੂ ਸਿਘ
੫) ਬੁੰਗਾ ਭਾਈ ਸੁਖਈ ਸਿੰਘ
੬) ਮਲਵਈ ਬੁੰਗਾ
੭) ਬੁੰਗਾ ਨਾਭੇ ਵਾਲਾ
੮) ਫਰੀਦ ਕੋਟ ਬੁੰਗਾਂ
੯) ਬੁੰਗਾ ਰਮਦਾਸੀਆਂ ਸਿੰਘ
੧੦) ਬੁੰਗਾ ਸੰਗਤ ਵਣਜਾਰਿਆਂ
੧੧) ਬੁੰਗਾ ਧੂਪੀਆ ਸਿੰਘ
੧੨) ਸੜਕੀਏ ਵਾਲਾ ਬੁੰਗਾ
੧੩) ਬੁੰਗਾ ਚਰਾਗੀਏ ਵਾਲਾ
੧੪) ਬੁੰਗਾ ਭਾਈ ਮਸਤਾਨ ਸਿੰਘ
੧੫) ਬੁੰਗਾ ਭਾਈ ਵਰਿਆਮ ਸਿੰਘ
੧੬) ਬੁੰਗਾ ਭਾਈ ਥਾਨ ਸਿੰਘ
੧੭) ਬੁੰਗਾ ਤੋਸ਼ੇਖਾਨੇ ਵਾਲਾ
੧੮) ਬੁੰਗਾ ਉਦਾਸੀ ਸੰਤਾਂ
੧੯) ਬੁੰਗਾ ਭਾਈ ਭਾਗ ਸਿੰਘ
੨੦) ਬੁੰਗਾ ਕਰਨਲ ਤਾਰਾ ਸਿੰਘ
੨੧) ਬੁੰਗਾ ਬਾਬਾ ਖੇਮ ਸਿੰਘ
੨੨) ਸੰਗਤ ਬੁੰਗਾ
੨੩) ਬੁੰਗਾ ਬਾਰਾਂਦਰੀ ਸ਼ੇਰੇ ਪੰਜਾਬ
੨੪) ਬਾਵੜੇ ਵਾਲਾ ਬੁੰਗਾ
੨੫) ਨਿਰਮਲਿਆਂ ਵਾਲਾ ਬੁੰਗਾ
੨੬) ਸੁਥਰੇ ਸ਼ਾਹੀ ਬੁੰਗਾ
੨੭) ਗੁ: ਸ਼ਹੀਦ ਗੰਜ
੨੮) ਗੁ: ਮਸਤਗੜ੍ਹ
੨੯) ਗੁ: ਗੋਬਿੰਦ ਬਾਗ
੩੦) ਬੁੰਗਾ ਹੈਡ ਪੁਜਾਰੀ ਜੀ
੩੧) ਬੁੰਗਾ ਰਾਮਗੜ੍ਹੀਆਂ

## ਨਿਹੰਗ ਸਿੰਘਾਂ ਵਾਲਾ ਬੁੰਗਾ

ਇਹ ਅਸਥਾਨ ਗੁਰਦੁਆਰਾ ਲੰਗਰ ਸਾਹਿਬ ਤੋਂ ਪਛਮ ਦਿਸ਼ਾ ਨੂੰ ਸਾਹਮਣੇ ਹੀ ਸੜਕ ਦੇ ਦੂਜੇ ਬੰਨੇ ਗੁਰਦੁਆਰਾ ਨਗੀਨਾ ਘਾਟ ਤੋਂ ਚਾਲੀ ਪੰਜ਼ਾਹ ਗਜ਼ ਦੀ ਵਿਥ ਤੇ ਸਸ਼ੋਭਤ ਹੈ। ਇਥੇ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਅਸਥਾਨ ਹੈ ਅਤੇ ਗੁਰੂ ਜੀ ਕੀਆਂ ਲਾਡਲੀਆਂ ਫੌਜਾਂ ਸੂਰਬੀਰ ਨਿਹੰਗ ਸਿੰਘ ਗਜਦੇ ਹਨ। ਇਥੇ ਆਏ ਨਿਹੰਗ ਸਿੰਘ ਨਿਵਾਸ ਰਖਦੇ ਹਨ। ਨਾਮ ਜਪਦੇ ਤੇ ਗੁਰਬਾਣੀ ਪੜ੍ਹਦੇ ਹਨ। ਥੋੜੀ ਜਿਹੀ ਜ਼ਮੀਨ ਵੀ ਬੁੰਗੇ ਦੇ ਨਾਲ ਹੈ ਜਿਸ ਦੀ ਕਾਰ ਵਿਹਾਰ ਇਹ ਗੁਰਮੁਖ ਆਪ ਹੀ ਕਰਦੇ ਹਨ।

## ਸਿਖ ਗੁਰਦੁਆਰਾ ਬੋਰਡ ਨਾਂਦੇੜ

ਤਖਤ ਸ੍ਰੀ ਸ਼ਚਖੰਡ ਸਾਹਿਬ ਦਾ ਪ੍ਰਬੰਧ ਸਰਕਾਰ ਨੇ ੧੯੫੬ ਈ: ਵਿਚ ਨਾਂਦੇੜ ਸਿਖ ਗੁਰਦੁਆਰਾ ਸ਼ੱਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਬਣਾ ਕੇ ਪੰਥਕ ਹੱਥਾਂ ਵਿਚ ਦੇ ਦਿਤਾ ਹੈ। ਇਸ ਦੇ ਕੁਲ ੧੭ ਮੈਂਬਰ ਹਨ। ਇਸ ਬੋਰਡ ਵਿਚ ਤਿੰਨ ਮੈਂਬਰ ਮਰਾਠਵਾੜੇ ਦੇ ਸਿੱਖਾਂ ਦੀਆਂ ਵੋਟਾਂ ਨਾਲ ਚੁਣੇ ਜਾਂਦੇ ਹਨ। ਚਾਰ ਮੈਂਬਰ ਹਜ਼ੂਰੀ ਖਾਲਸਾ ਦੀਵਾਨ ਨਾਂਦੇੜ, ਇਕ ਮੈਂਬਰ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਚਾਰ ਮੈਂਬਰ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨਾਮਜ਼ਦ ਕਰਦੀ ਹੈ। ਦੋ ਮੈਂਬਰ ਪਾਰਲੀਮੈਂਟ ਦੇ ਸਿਖ ਮੈਂਬਰਾਂ ਵਿਚੋਂ, ਦੋ ਮੈਂਬਰ ਮਹਾਂਰਾਸ਼ਟਰ ਦੇ ਸਿਖਾਂ ਵਿਚੋਂ ਸਰਕਾਰ ਨਾਮਜ਼ਦ ਕਰਦੀ ਹੈ, ਅਤੇ ਇਕ ਮੈਂਬਰ ਹੈਦਰਾਬਾਦ ਅਤੇ ਸਿਕੰਦਰਾਬਾਦ ਦੇ ਸਿਖਾਂ ਵਿਚੋਂ ਸਰਕਾਰ ਨਾਮਜ਼ਦ ਕਰਦੀ ਹੈ। ਗੁਰਦੁਆਰਾ ਸਾਹਿਬ ਦੇ ਰੋਜ਼ਾਨਾ ਪ੍ਰਬੰਧ ਲਈ ਪੰਜ ਮੈਂਬਰਾਂ ਦੀ ਇਕ

ਮੈਨੇਜਿੰਗ ਕਮੇਟੀ ਬਣੀ ਹੈ, ਜਿਸ ਦੇ ਚੇਅਰਮਨ ਜ਼ਿਲ੍ਹੇ ਦੇ ਰੈ: ਡਿਪਟੀ ਕੁਲੈਕਟਰ ਸਾਹਿਬ ਹੁੰਦੇ ਹਨ, ਅਤੇ ਗੁ: ਸਾਹਿਬ ਦੇ ਸੁਪਰਡੈਂਟ ਸਾਹਿਬ ਇਸ ਕਮੇਟੀ ਦੇ ਸੈਕਰੇਟਰੀ ਹੁੰਦੇ ਹਨ, ਬਾਕੀ ਤਿੰਨ ਮੈਂਬਰ ਸਥਾਨਕ ਸਿੰਘਾਂ ਵਿਚੋਂ ਬੋਰਡ ਨਾਮਜ਼ਦ ਕਰਦਾ ਹੈ।

## ਹਜ਼ੂਰੀ ਖਾਲਸਾ

ਹਜ਼ੂਰੀ ਖਾਲਸਾ ਦੀ ਗੁਰੂ ਸ਼ਰਧਾ ਤੇ ਕੁਰਬਾਨੀਆਂ ਉਤੇ ਸਾਰੇ ਪੰਥ ਨੂੰ ਮਾਣ ਹੈ। ਜਦੋਂ ਵੀ ਔਕੜਾਂ ਦਾ ਸਮਾਂ ਆਇਆ ਇਨ੍ਹਾਂ ਨੇ ਹੀ ਗੁਰਦੁਆਰਾ ਸ ਹਿਬ ਦੀ ਆਨ ਸ਼ਾਨ ਲਈ ਹਰ ਪ੍ਰਕਾਰ ਦੀ ਕੁਰਬਾਨੀ ਕੀਤੀ ਹੈ; ਪਰੰਤੂ ਇਨ੍ਹਾਂ ਨੂੰ ਵਿਦਿਅਕ ਪੱਖ ਤੋਂ ਪਛੜੇ ਹੋਏ ਦੇਖ ਬਹੁਤ ਅਫਸੋਸ ਹੁੰਦਾ ਹੈ। ਸਰਬਤ ਪੰਥਕ ਜਥੇਬੰਦੀਆਂ ਨੂੰ ਇਸ ਪਾਸੇ ਕੋਈ ਠਿੱਗਰ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਿਖ ਸਕੂਲ, ਮਿਸ਼ਨਰੀ ਕਾਲਜ ਅਤੇ ਦਸਤਕਾਰੀ ਸੈਂਟਰ ਖੋਲ੍ਹੇ ਜਾਨ ਜਿਨ੍ਹਾਂ ਵਿਚ ਇਨ੍ਹਾਂ ਨੂੰ ਯੋਗ ਮਾਲੀ ਸਹਾਇਤਾ ਦੇ ਕੇ ਉਚੀ ਪੱਧਰ ਤੇ ਲਿਆਂਦਾ ਜਾ ਸਕੇ। ਇਹ ਕੁਝ ਕਰਨ ਨਾਲ ਜਿਥੇ ਇਸ ਨਗਰੀ ਦੀ ਰਮਣੀਕਤਾ ਵਧੇਗੀ ਉਥੇ ਇਹ ਭਾਰੀ ਗੁਰਮਤਿ ਪ੍ਰਚਾਰ ਦਾ ਕੇਂਦਰ ਬਣ ਜਾਵੇਗਾ ਅਤੇ ਲੱਖਾਂ ਹੀ ਗੁਰੂ ਪ੍ਰੇਮੀ ਵਣਜਾਰੇ ਆਦਿ ਅੰਮ੍ਰਿਤ ਛਕ ਤਿਆਰ--ਬਰ--ਤਿਆਰ ਸਿੰਘ ਸਜ ਜਾਣਗੇ। ਸੋ ਇਸ ਪੁਸਤਕ ਦੀ ਸਮਾਪਤੀ ਕਰਕੇ ਦਾਸ ਇਸ ਵਿਚ ਰਹਿ ਗਈਆਂ ਤਰੁੱਟੀਆਂ ਲਈ ਖਿਮਾਂ ਦਾ ਜਾਚਕ ਹੈ। ਆਸ ਹੈ ਗੁਰੂ ਰੂਪ ਸਾਧ ਸੰਗਤ ਇਸੇ ਤਰ੍ਹਾਂ ਆਪਣਾ ਮਿਹਰ ਭਰਿਆ ਹੱਥ ਦਾਸ ਦੇ ਸੀਸ ਤੇ ਰਖ ਕੇ ਇਹ ਮਹਾਨ ਸੇਵਾ ਲੈਂਦੀ ਰਹੇਗੀ।

ਦਾਸ–
ਸੰਤ ਹਰਨਾਮ ਸਿੰਘ 'ਸੇਵਕ'
ਗੁ: ਲੰਗਰ ਸਾਹਿਬ, ਨਗੀਨਾ ਘਾਟ, ਨਾਂਦੇੜ,

## ॥ ਬੈਂਤ ॥

ਸੁਣੋ ਖਾਲਸਾ ਜੀ ਗੁਰਾਂ ਮਿਹਰ ਕੀਤੀ,
ਸੀਸ ਦਾਸ ਦੇ ਹੱਥ ਰਖਾਇਆ ਜੀ ।
ਕਾਰਜ ਆਪਣਾ ਆਪ ਸਵਾਰ ਲੈਂਦੇ,
ਐਪਰ ਸੇਵਕਾਂ ਮਾਨ ਵਧਾਇਆ ਜੀ ।
ਮਾਹਿ ਜਨਵਰੀ ਪੰਦਰ੍ਹਵੀਂ ਦਿਨ ਹੈਸੀ,
ਓਨੀ ਸੌ ਉਨੰਜਾ ਲਿਖਾਇਆ ਜੀ ।
ਚੌਪਈ, ਦੋਹਿਰਾ, ਬੈਂਤ, ਕਬਿੱਤ ਕਵਿਤਾ,
ਤੁਛ ਬੁਧੀ ਦੇ ਨਾਲ ਬਣਾਇਆ ਜੀ ।
ਪਾਵਨ ਗੁਰੂ ਅਸਥਾਨ, ਅਪਾਰ ਮਹਿਮਾ,
ਅੰਤ ਨਹੀਂ ਬੇਅੰਤ ਜਤਾਇਆ ਜੀ ।
ਗੁਣੀ ਸਜਣੋ ਕਰਨੀਆਂ ਮਾਫ ਭੁੱਲਾਂ,
ਹੱਥ ਜੋੜ ਗਲ ਪਲੜਾ ਪਾਇਆ ਜੀ ।
ਨਾ ਮੈਂ ਚਤੁਰ ਨਾ ਫਖਰ ਹੈ ਸ਼ਾਇਰੀ ਜੀ,
ਸ਼ੇਅਰ, ਸਜਣੋ ਲਿਖਣ ਨਾਂ ਆਇਆ ਜੀ ।
ਦਾਸ ਕਹੇ 'ਹਰਨਾਮ ਸਿੰਘ' ਕੌਣ ਉਪਮਾ,
ਲਿਖੀ ਵਾਰਤਾ ਗੁਰੂ ਫੁਰਮਾਇਆ ਜੀ ।

### ॥ ਦੋਹਿਰਾ ॥

ਇਹ ਗਾਥਾ ਸ਼ੁਭ ਰਚੀ ਹੈ, ਸ੍ਰੀ ਹਜ਼ੂਰੀ ਦੀਦਾਰੇ ॥
ਅਵਗੁਣ ਮੇਰੇ ਬਖਸ਼ਿਓ, ਗੁਰੂ ਕੇ ਸਿੰਘ ਪਿਆਰੇ ॥

ਸੰਤ ਹਰਨਾਮ ਸਿੰਘ 'ਸੇਵਕ'

# ਗੁਰਦੁਆਰਾ ਲੰਗਰ ਸਾਹਿਬ ਦੇ ਪ੍ਰਬੰਧ ਸੰਬੰਧੀ

ਜਿਹਾ ਕਿ ਗੁਰਦੁਆਰਾ ਲੰਗਰ ਸਾਹਿਬ ਦੇ ਇਤਿਹਾਸ ਵਿਚ ਉਪਰ ਜ਼ਿਕਰ ਆ ਚੁਕਾ ਹੈ, ਇਸ ਗੁਰੂ ਧਾਮ ਨੂੰ ਮੁੜ ਨਵੇਂ ਸਿਰਿਉਂ ਪ੍ਰਗਟ ਕਰ ਦੇਗ ਚਲਾਉਣ ਦਾ 'ਖੀਸਾ ਮੇਰਾ ਹੱਥ ਤੇਰਾ' ਵਾਲਾ ਹੁਕਮ ਸ੍ਰੀ ਮਾਨ ੧੦੮ ਸੰਤ ਬਾਬਾ ਨਿਧਾਨ ਸਿੰਘ ਜੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਉਸ ਸਮੇਂ ਹੋਇਆ ਜਦ ਤਖਤ ਸਚਖਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਹਿਤ ਕੋਈ ਟਾਵਾਂ ਟਾਵਾਂ ਯਾਤਰੀ ਹੀ ਕਦੇ ਕਦਾਈਂ ਨਾਂਦੇੜ ਵਿਖੇ ਪੁਜਦਾ ਸੀ ਅਤੇ ਸਚਖੰਡ ਸਾਹਿਬ ਵਿਖੇ ਗੁਰੂ ਕੇ ਲੰਗਰ ਦੀ ਹਾਜ਼ਰੀ ਕੇਵਲ ਇਕ ਵੇਲੇ ਹੀ ਹੁੰਦੀ ਸੀ। ਸ੍ਰੀ ਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਭਜਨ ਬੰਦਗੀ ਅਤੇ ਅਣਥਕ ਗੁਰੂ ਸੇਵਾ ਦਾ ਸਦਕਾ, ਇਸ ਅਸਥਾਨ ਉਤੇ ਨਾ ਕੇਵਲ ਅੱਠੋ ਪਹਿਰ ਲੰਗਰ ਚਲਣ ਲੱਗਾ; ਸਗੋਂ ਸੰਗਤਾਂ ਦੇ ਆਰਾਮ ਹਿਤ ਕਾਫੀ ਰਿਹਾਇਸ਼ੀ ਕਮਰੇ ਵੀ ਬਣ ਗਏ ਸਨ। (ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜੀਵਨ ਬਿਰਤਾਂਤ ਪੜ੍ਹਨ ਲਈ ਵੇਖੋ ਪੁਸਤਕ "ਰੱਬੀ ਜੋਤ") ਅੰਤ ੪ ਅਗਸਤ ੧੯੪੭ ਨੂੰ ਸੰਤ ਬਾਬਾ ਨਿਧਾਨ ਸਿੰਘ ਜੀ ਸਚਖੰਡ ਪਿਆਨਾ ਕਰ ਗਏ।

ਸ੍ਰੀ ਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਦਸਵਾਂ ੧੩ ਅਗਸਤ ੧੯੪੭ ਨੂੰ ਗੁਰਦੁਆਰਾ ਲੰਗਰ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਇਕੱਤ੍ਰ ਹੋਈ। ਨਾਂਦੇੜ ਸ਼ਹਿਰ ਦੇ ਹਿੰਦੂ ਮੁਸਲਮਾਨ ਪਤਵੰਤੇ ਸਜਣ, ਜ਼ਿਲਾ ਕੁਲੈਕਟਰ, ਮੈਂਬਰ ਸਾਹਿਬਾਨ ਗੁਰਦੁਆਰਾ ਸੈਂਟ੍ਰਲ ਕਮੇਟੀ, ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ,

ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਨਿਹੰਗ ਸਿੰਘਾਂ ਦਾ ਪੂਰਨ ਜਥਾ ਆਦਿ ਸਜਣਾਂ ਦਾ ਇਸ ਇਕੱਠ ਵਿਚ ਸ਼ਾਮਲ ਹੋਣਾ ਵਰਨਣ ਯੋਗ ਹੈ। ਉਪ੍ਰੋਕਤ ਪਤਵੰਤੇ ਸਜ਼ਣਾਂ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਮਹਾਨ ਸੇਵਾ ਦਾ ਭਾਰ, ਹਰ ਪੱਖੋਂ ਯੋਗ ਸਮਝਦਿਆਂ ਹੋਇਆਂ, ਸ੍ਰੀ ਮਾਨ ੧੦੮ ਸੰਤ ਬਾਬਾ ਹਰਨਾਨ ਸਿੰਘ ਜੀ ਦੇ ਮੋਢਿਆਂ ਤੇ ਰਖ ਦਿਤਾ।

ਸ੍ਰੀ ਮਾਨ ਸ਼ੰਤ ਬਾਬਾ ਹਰਨਾਮ ਸਿੰਘ ਜੀ ਨੂੰ ਬਚਪਨ ਤੋਂ ਹੀ ਸੰਤ ਬਾਬਾ ਨਿਧਾਨ ਸਿੰਘ ਜੀ ਮਹਾਰਾਜ ਦੀ ਚਰਨ ਸ਼ਰਨ ਧਰਾਪਤ ਹੋਈ। ਛੋਟੇ ਹੁੰਦਿਆਂ ਤੋਂ ਹੀ ਇਹ ਬੜੀ ਮਿਹਨਤ ਅਤੇ ਲਗਨ ਨਾਲ ਸੇਵਾ ਵਿਚ ਜੱਟੇ ਰਹਿੰਦੇ ਸਨ। "ਬਿਨ ਸੇਵਾ ਧ੍ਰਿਗ ਹਥ ਪੈਰ" ਦੇ ਆਸ਼ੇ ਨੂੰ ਇਹਨਾਂ ਹਿਰਦੇ ਵਿਚ ਵਸਾਉਂਦਿਆਂ ਹੋਇਆਂ ਸੇਵਾ ਹੀ ਇਹਨਾਂ ਆਪਣਾ ਜੀਵਨ ਆਦਰਸ਼ ਬਣਾ ਲਿਆ ਸੀ। ਆਪ ਜੀ ਨੇ ਅਤਿਅੰਤ ਨਿਮਰਤਾ ਤੇ ਬੜੀ ਸਚੀ ਲਗਨ ਨਾਲ ਗੁਰੂ ਕੀ ਅਤੁਟ ਸੇਵਾ ਕਰਕੇ ਮਹਾਂਪੁਰਸ਼ਾਂ ਨੂੰ ਪ੍ਰਸੰਨ ਕਰ ਲਿਆ ਤੇ ਚਰਨ ਕੰਵਲਾਂ ਨੂੰ ਐਸੀ ਗਲਵਕੜੀ ਪਾਈ ਕਿ ਫਿਰ ਹੋਰ ਕਿਤੇ ਆਣਾ ਜਾਣਾ ਹੀ ਰਹਿ ਗਿਆ। ਮਹਾਂਪੁਰਸ਼ ਵੀ ਆਯੂ ਪ੍ਰਯੰਤ ਆਪ ਜੀ ਤੇ ਬੇਅੰਤ ਦਿਆਲੂ ਕਿਰਪਾਲੂ ਰਹੇ ਤੇ ਸਦੀਵ ਬਖਸ਼ਸ਼ਾਂ ਕਰਦੇ ਰਹੇ। ਮਹਾਂਪੁਰਸ਼ਾਂ ਨੇ ਆਪਣੇ ਹੀਨੇ ਹਯਾਤ ਵਿਚ ਗੁਰਦੁਆਰਾ ਸਾਹਿਬ ਦਾ ਸਾਰਾ ਪਰਬੰਧ ਆਪ ਜੀ ਦੇ ਮੋਢਿਆਂ ਤੇ ਰਖ ਦਿਤਾ ਸੀ, ਜਿਸ ਨੂੰ ਆਪ ਜੀ ਨੇ ਬੜੇ ਭਾਰੇ ਉ: ਸ਼ਾਹ ਨਾਲ ਨਿਭਾਇਆ। ਜਦੋਂ ਸੰਤ ਬਾਬਾ ਨਿਧਾਨ ਸਿੰਘ ਚੀ ਸੰਨ ੧੯੪੭ ਵਿਚ ਪੰਥ ਨੂੰ ਸਦੀਵੀ ਵਿਛੋੜਾ ਦੇ ਗਏ ਤਾਂ ਆਪ ਜੀ ਦੀ ਅਣਥੱਕ ਸੇਵਾ ਨੂੰ ਦੇਖਦਿਆਂ ਹੋਇਆਂ ਗੁਰੂ ਪੰਥ ਨੇ ਇਹ ਮਹਾਨ ਸੇਵਾ ਆਪ ਜੀ ਦੇ ਮੋਢਿਆਂ ਤੇ ਹੀ ਰਹਿਣ ਦਿਤੀ। ਆਪ ਜੀ ਨੂੰ

ਹਜ਼ੂਰ ਦੇ ਲੰਗਰ ਦੀ ਸੇਵਾ ਹੋਰ ਪ੍ਰੇਮ ਤੇ ਹੁਲਾਸ ਨਾਲ ਅਰੰਭਿਆ ਤੇ ਬਹੁਤ ਹੀ ਚੜ੍ਹਦੀਆਂ ਕਲਾਂ ਵਿਚ ਲੈ ਆਂਦਾ। ਹੁਣ ਸੰਗਤਾਂ ਦੀ ਆਵਾ ਜਾਈ ਵਧਨ ਕਰਕੇ ਹੋਰ ਕਮਰਿਆਂ ਦੀ ਲੋੜ ਭਾਸੀ। ਇਸ ਵੇਲੇ ਕੋਈ ੨੦੦ ਦੇ ਕਰੀਬ ਗੁਰਦੁਆਰਾਂ ਸਾਹਿਬ ਵਿਚ ਕਮਰੇ ਬਣ ਚੁਕੇ ਸਨ। ਗੁਰਦੁਆਰਾਂ ਸਾਹਿਬ ਦਾ ਸੁੰਦਰ ਖੁਲ੍ਹਾ ਦੁਮੰਜ਼ਲਾ ਹਾਲ ਬਣਵਾਇਆ, ਜਿਥੇ ਜੋੜ ਮੇਲਿਆਂ ਦੇ ਦਿਨਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਬੈਠ ਕੇ ਲੰਗਰ ਛਕਦੀਆਂ ਹਨ। ਗੁਰੂ ਕਾ ਅਤੁਟ ਲੰਗਰ ਅਠੋ ਪਹਿਰ ੨੪ ਘੰਟੇ ਖੁਲ੍ਹਾ ਵਰਤਨ ਲੱਗਾ। ਦੋਵੇਂ ਵੇਲੇ ਗਰਮ ਗਰਮ ਚਾਹ ਦੇ ਖੁਲ੍ਹੇ ਗੱਫੇ ਵੀ ਮਿਲਣ ਲੱਗੇ। ਦਰਸ਼ਨਾਂ ਨੂੰ ਆਈਆਂ ਸੰਗਤਾਂ ਗੁਰੂ ਕੇ ਲੰਗਰ ਦੀ ਸੇਵਾ ਘਿਆਰ ਨੂੰ ਵੇਖ ਕੇ ਬਹੁਤ ਪ੍ਰਸੰਨ ਜਾਂਦੀਆਂ। ਹਜ਼ੂਰੀ ਖਾਲਸਾ ਲਈ ਆਪ ਜੀ ਦੇ ਮਨ ਵਿਚ ਬਹੁਤ ਪਿਆਰ ਸੀ। ਇਨ੍ਹਾਂ ਨੂੰ ਹਰ ਖੇਤਰ ਵਿਚ ਮਾਨੋ ਸਭਿਆਚਾਰਕ, ਮਾਇਕ ਅਤੇ ਵਿਦਿਅਕ ਤੌਰ ਤੇ ਆਪ ਨਿਪੁੰਨ ਦੇਖਣਾ ਚਾਹੁੰਦੇ ਸਨ। ਆਪ ਜੀ ਨੇ ਗੁਰਦੁਆਰਾਂ ਸਾਹਿਬ ਦੀ ਲੱਖਾਂ ਰੁਪਿਆਂ ਦੀ ਜਾਇਦਾਦ ਦਾ ਟਰੱਸਟ ਬਣਾ ਕੇ ਖਾਲਸਾ ਹਾਈ ਸਕੂਲ ਬਣਾਉਣ ਦਾ ਉਦਮ ਕੀਤਾ। ਸੰਤ ਬਾਬਾ ਨਿਧਾਨ ਸਿੰਘ ਜੀ ਮੈਮੋਰੀਅਲ ਹਸਪਤਾਲ ਕਾਇਮ ਕੀਤਾ ਅਤੇ ਹੋਰ ਬੇਅੰਤ ਗੁਰਦੁਆਰਿਆਂ ਦੀ ਸੇਵਾ ਕਰਵਾਈ। ਆਪ ਜੀ ਇਕ ਪੂਰਨ ਬ੍ਰਹਮਗਿਆਨੀ, ਦੇਗ ਦੇ ਧਨੀ, ਮਹਾਂ ਦਾਨੀ, ਸਦੀਵ ਕਾਲ ਸਹਿਜ ਤੇ ਸ਼ਾਂਤ ਚਿਤ ਅਵਸਥਾ ਵਿਚ ਵਿਚਰਨ ਵਾਲੇ ਮਹਾਂਪੁਰਸ਼ ਸਨ। ਆਪ ਹਮੇਸ਼ ਸਮੁੰਦਰ ਵਾਂਙ ਗੰਭੀਰ ਅਤੇ ਸੁਮੇਰ ਵਾਂਙ ਅਡੋਲ ਰਹਿੰਦੇ। ਆਪ ਜੀ ਦੀ ਨਿਗਾਹ ਵਿਚ ਸਭ ਜੀਵ ਬਰਾਬਰ ਸਨ। ਆਪ ਜੀ ਨੇ ਸਮਾਜਕ ਖੇਤਰ ਵਿਚ ਵੀ ਕਾਫੀ ਸੇਵਾ ਕੀਤੀ। ਗਰੀਬ ਅਤਿਥੀ ਦੀ ਪੁੱਜਕੇ ਸੇਵਾ

ਕਰਦੇ ਤੇ ਕਦੇ ਕਿਸੇ ਨੂੰ ਨਿਰਾਸ਼ ਨਹੀਂ ਸਨ ਤੋਰਦੇ । ਕਈ ਵਾਰੀ ਸਟੇਟ ਵਿਚ ਹੜ੍ਹਾਂ ਦੇ ਕਾਰਨ ਅਕਾਲ ਦੀ ਸਥਿਤੀ ਹੋ ਜਾਣੀ ਆਪ ਜੀ ਨੇ ਗਰੀਬਾਂ ਦੁਖੀਆਂ ਦੀ ਲੰਗਰ ਪਾਣੀ ਆਦਿ ਨਾਲ ਬਹੁਤ ਸੇਵਾ ਕਰਨੀ ਤੇ ਸਰਕਾਰ ਦਾ ਪੂਰਾ ਹੱਥ ਵਟਾਉਣਾ। ਸਰਕਾਰ ਦੇ ਘਰ ਵਿਚ ਆਪ ਜੀ ਦਾ ਬਹੁਤ ਸਤਿਕਾਰ ਸੀ। ਸ੍ਰੀ ਸ਼ੰਕਰ ਰਾਉ ਜੀ ਚਾਵਾਨ ਸ਼ਾਹਿਬ (ਸਾਬਕਾ ਚੀਫ ਮਨਿਸਟਰ ਅਤੇ ਹੁਣ ਕੇਂਦਰੀ ਗ੍ਰਹਿ ਮੰਤਰੀ) ਜੋ ਨਾਂਦੇੜ ਸ਼ਹਿਰ ਦੇ ਹਨ, ਆਪ ਜੀ ਦੇ ਅਨਿਨ ਸ਼ਰਧਾਲੂਆਂ ਵਿਚੋਂ ਸਨ। ਆਪ ਜੀ ਮਹਾਰਾਸ਼ਟਰ ਵਿਚ ਸਿਖੀ ਦੇ ਥੰਮ੍ਹ ਮੰਨੇ ਜਾਂਦੇ ਸਨ। ਟਰੱਕਾਂ ਵਾਲੇ ਵੀਰਾਂ ਦਾ ਪ੍ਰੇਮ ਤਾਂ ਅਕਥਨੀਯ ਹੈ। ਬੜੀ ਸ਼ਰਧਾ ਸੀ ਉਨ੍ਹਾਂ ਦੀ ਆਪ ਜੀ ਤੇ। ਬਿਨਾਂ ਅਰਦਾਸ ਸੁਧਾਏ ਨਾਂਦੇੜ ਤੋਂ ਕਦੀ ਨਹੀਂ ਸਨ ਲੰਘਦੇ। ਸੰਤ ਬਾਬਾਂ ਜੀਵਨ ਸਿੰਘ ਜੀ ਕਾਰ ਸੇਵਾ ਵਾਲਿਆਂ ਨੂੰ ਸੜਕਾਂ ਤੇ ਪੁਲ ਆਦਿ ਦੀ ਮਹਾਨ ਸੇਵਾ ਵਿਚ ਹਰ ਪ੍ਰਕਾਰ ਦਾ ਪੂਰਨ ਸਹਿਯੋਗ ਦੇ ਕੇ ਗੁਰਸਿਖੀ ਦੇ ਸੁਨਹਿਰੀ ਅਸੂਲਾਂ ਨੂੰ ਉਜਾਗਰ ਕੀਤਾ।

ਸੰਨ ੧੯੭੦ ਦੇ ਦਹਾਕੇ ਵਿਚ ਬਿਰਧ ਅਵਸਥਾ ਕਾਰਨ ਆਪ ਜੀ ਦੀ ਸਿਹਤ ਕੁਝ ਢਿਲੀ ਰਹਿਣ ਲੱਗੀ। ਜਦ ਆਪ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਉਂਦਾ ਮਹਿਸੂਸ ਕੀਤਾ ਤਾਂ ੪ ਅਗਸਤ ੧੯੭੯ ਨੂੰ ਗੁਰਦੁਆਰਾ ਲੰਗਰ ਸਾਹਿਬ ਦੀ ਸੇਵਾ ਸੰਭਾਲ ਦੀ ਜ਼ਿਮੇਦਾਰੀ ਆਪਣੇ ਗੁਰੂ ਭਾਈ ਸ੍ਰੀਮਾਨ ਸੰਤ ਬਾਬਾ ਆਤਮਾ ਸਿੰਘ ਜ਼ੀ ਮੋਨੀ ਨੂੰ ਸੌਂਪ ਦਿਤੀ ਅਤੇ ਆਪ ਜੀ ੧੨ ਅਕਤੂਬਰ ੧੯੭੯ ਨੂੰ ਅੰਮ੍ਰਿਤ ਵੇਲੇ ਅਕਾਲ ਪੁਰਖ ਪਰਮਾਤਮਾਂ ਦੇ ਭਾਣੇ ਅਨੁਸਾਰ ਸਚਖੰਡ ਪਿਆਨਾ ਕਰ ਗਏ। ਇਸ ਦੁਖਦਾਈ ਖਬਰ ਨਾਲ ਗੁਰੂ ਪੰਥ ਵਿਚ ਉਦਾਸੀ ਦੀ ਲਹਿਰ

ਫੈਲ ਗਈ। ਉਸ ਦਿਨ ਹਰ ਕੌਮ ਦੇ ਨਾਂਦੇੜ ਵਾਸੀਆਂ ਨੇ ਸੋਗ ਵਜੋਂ ਸਾਰਾ ਕਾਰੋਬਾਰ ਬੰਦ ਰਖਿਆ। ਆਪ ਜੀ ਦੇ ਪਾਰਥਕ ਸਰੀਰ ਦਾ ਸੁੰਦਰ ਬਿਬਾਨ ਵਿਚ ਜਲੂਸ ਕਢਿਆ ਗਿਆ ਜੋ ਸ਼ਹਿਰ ਦੇ ਗਲੀਆਂ ਮੁਹਲਿਆਂ ਵਿਚ ਦੀ ਹੋ ਕੇ ਸ੍ਰੀ ਸਚਖੰਡ ਸਾਹਿਬ ਦੀਆਂ ਪ੍ਰਕਰਮਾਂ ਕਰਦਾ ਹੋਇਆ ਰਾਤ ਨੂੰ ੧੧ ਵਜੇ ਗੁਰਦੁਆਰਾ ਲੰਗਰ ਸਾਹਿਬ ਪੁੱਜ ਕੇ ਸਮਾਪਤ ਹੋਇਆ। ਰਾਤ ਨੂੰ ੧੧ ਵਜੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਮਹਾਂਪੁਰਸ਼ਾਂ ਦੇ ਪਾਰਥਕ ਸਰੀਰ ਨੂੰ ਸ੍ਰੀ ਮਾਨ ਬਾਬਾ ਮੋਨੀ ਜੀ ਨੇ ਅਗਨ ਭੇਟ ਕੀਤਾ। ਇਹ ਹਿਰਦੇ ਵੇਧਕ ਦ੍ਰਿਸ਼ ਭਾਵੇਂ ਸਭ ਲਈ ਅਸਹਿ ਸੀ, ਪ੍ਰੰਤੂ ਪ੍ਰੇਮ ਹੰਝੂਆਂ ਨਾਲ ਭਰਿਆਂ ਹਜ਼ਾਰਾਂ ਨੇਤਰਾਂ ਨੇ ਸ੍ਰੀ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਮਿਤੀ ੨੧ ਅਕਤੂਬਰ ੧੯੭੯ ਸੋਮਵਾਰ ਨੂੰ ਸਚਖੰਡਵਾਸੀ ਬਾਬਾ ਜੀ ਦੀ ਦਸਵੀਂ ਮਨਾਈ ਗਈ। ਭਾਰੀ ਦੀਵਾਨ ਵਿਚ ਬੜੀ ਦੂਰੋਂ ਸੰਤ ਮਹਾਤਮਾਂ ਤੇ ਬੇਅੰਤ ਸੰਗਤਾਂ ਪੁਜੀਆਂ ਹੋਈਆਂ ਸਨ। ਸ੍ਰੀ ਮਾਨ ਸੰਤ ਬਾਬਾ ਜੋਗਿੰਦਰ ਸਿੰਘ ਜੀ ਹੈਡ ਪੁਜਾਰੀ ਤਖਤ ਸਚਖੰਡ ਸਾਹਿਬ ਜੀ ਨੇ ਪਜ ਪਿਆਰੇ ਸਾਹਿਬਾਨ ਦੀ ਮੌਜੂਦਗੀ ਵਿਚ ਮਹਾਂਪੁਰਸ਼ਾਂ ਦੇ ਨਿਵਾਜੇ ਤੇ ਥਾਪੇ ਸੰਤ ਬਾਬਾ ਆਤਮਾ ਸਿੰਘ ਜੀ ਮੋਨੀ ਦੀ ਦਸਤਾਰ ਬੰਧੀ ਆਪਣੇ ਪਵਿੱਤਰ ਹਸਤ ਕਮਲਾਂ ਨਾਲ ਕੀਤੀ। ਸੰਤ ਬਾਬਾ ਆਤਮਾ ਸਿੰਘ ਜੀ ਮੋਨੀ ਬਚਪਨ ਤੋਂ ਹੀ ਗੁਰਦੁਆਰਾ ਲੰਗਰ ਸਾਹਿਬ ਦੀ ਸੇਵਾ ਵਿਚ ਸ੍ਰੀ ਮਾਨ ਸੰਤ ਬਾਬਾ ਨਿਧਾਨ ਸਿੰਘ ਜੀ ਦੀ ਚਰਨੀ ਆ ਲਗੇ ਸਨ। ਆਪ ਨੇ ਪੂਰਾ ਜੀਵਨ ਹੀ ਸੇਵਾ ਵਿਚ ਗੁਜ਼ਾਰਿਆ। ਗੁਰਦੁਆਰਾ ਲੰਗਰ ਸਾਹਿਬ ਨਾਂਦੇੜ ਅਤੇ ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ ਦਾ ਪਰਬੰਧ ਸਾਂਝਾ ਹੋਣ ਕਰਕੇ, ਇਕ ਸੁਚੱਜਾ ਪਰਬੰਧਕ ਜਾਣਦਿਆਂ ਹੋਇਆਂ, ਆਪ ਨੂੰ ਗੁਰਦੁਆਰਾ ਗੁਪਤਸਰ ਸਾਹਿਬ ਮਨਮਾੜ ਦਾ ਮੁਖ ਪਰਬੰਧਕ ਥਾਪਿਆ ਗਿਆ। ਆਪ ਦੇ ਪਰਬੰਧ

ਸਮੇਂ ਗੁਰਦੁਆਰਾ ਖ਼ਨਸ਼ਾੜ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਕੰਮ ਹੋਇਆ। ਕੰਧਾਂ ਅਤੇ ਛਤ ਉਤੇ ਹੋਏ ਸ਼ੀਸ਼ੇ ਦੇ ਕੰਮ ਨੂੰ ਵੇਖ ਕੇ ਸੰਗਤਾਂ ਅਸ਼ ਅਸ਼ ਕਰ ਉਠਦੀਆਂ ਹਨ।

ਜਿਹਾ ਕਿ ਉਪਰ ਜ਼ਿਕਰ ਕੀਤਾ ਗਿਆ ਹੈ, ਸ੍ਰੀ ਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਹੁੰਦਿਆਂ ਹੀ ੪ ਅਗਸਤ ੧੯੭੯ ਤੋਂ ਸਮੁੱਚੇ ਪਰਬੰਧ ਦੀ ਜ਼ਿਮੇਵਾਰੀ ਆਪ ਨੂੰ ਸੌਂਪ ਦਿਤੀ ਗਈ ਸੀ। ਆਪਣੇ ਪਰਬੰਧਕ ਸਮੇਂ ਪਰਬੰਧ ਨੂੰ ਚੰਗੇਰਾ ਬਣਾਉਣ ਦੇ ਆਪ ਨੇ ਯਤਨ ਕੀਤੇ। ਗੁਰਦੁਆਰਾ ਲੰਗਰ ਸਾਹਿਬ ਦੀ ਪੁਰਾਣੀ ਖਸਦਾ ਹੋ ਗਈ ਇਮਾਰਤ ਨੂੰ ਨਵੇਂ ਸਿਰਿਉਂ ਅਤੇ ਵਡੇਰੇ ਆਕਾਰ ਵਿਚ ਬਣਾਉਣ ਹਿਤ ਸ੍ਰੀ ਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ, ਜੋ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਿਆਂ ਦੀ ਇਮਾਰਤੀ ਕਾਰ ਸੇਵਾ ਦੇ ਮੁਖ ਜਥੇਦਾਰ ਹਨ, ਨੂੰ ਪ੍ਰੇਰਿਆ ਅਤੇ ਸੇਵਾ ਅਰੰਭ ਕਰਵਾਈ। ਇਹ ਸੇਵਾ ਅਜੇ ਵੀ ਚਾਲੂ ਹੈ। ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸ਼ੇਵਾ ਵਾਲਿਆਂ ਦੇ ਪ੍ਰਬੰਧਕ ਗੁਣਾਂ ਤੋਂ ਪ੍ਰਭਾਵਤ ਹੋਣ ਕਰ ਕੇ ਸ੍ਰੀ ਮਾਨ ਸੰਤ ਮੋਨੀ ਜੀ ਵੇਲੇ ਕੁਵੇਲੇ ਉਹਨਾਂ ਨਾਲ ਵੀਚਾਰ ਵਟਾਂਦਰਾ ਕਰਦੇ ਰਹਿੰਦੇ ਸਨ।

ਸੰਤ ਮੋਨੀ ਜੀ ਦੀ ਬਿਰਧ ਅਵਸਥਾ ਅਤੇ ਪਰਬੰਧਕ ਖੇਚਲ ਕਾਰਨ ਸ਼ਿਹਤ ਉਹਨਾਂ ਦਾ ਸਾਥ ਨਹੀਂ ਸੀ ਦੇ ਰਹੀ। ਇਸ ਵੇਰਾਂ ਇਲਾਜ ਲਈ ਮਹੀਨਿਆਂ ਬੱਧੀ ਉਹਨਾਂ ਨੂੰ ਹਸਪਤਾਲ ਵਿਚ ਦਾਖਲ ਹੋਣਾ ਪੈਂਦਾ ਰਿਹਾ। ਸੰਤ ਬਾਬਾ ਸ਼ੀਸ਼ਾ ਸਿੰਘ ਜੀ ਵਿਚ ਪਰਬੰਧਕ ਗੁਣ ਅਤੇ ਸੇਵਾ ਵਿਚ ਲਗਨ ਨੂੰ ਮੁਖ ਰਖਦਿਆਂ, ਸੰਤ ਬਾਬਾ ਮੋਨੀ ਜੀ ਨੇ ਆਪਣੀ ਬੀਮਾਰੀ ਦੌਰਾਨ ਹੀ ਗੁਰਦੁਆਰਾ ਲੰਗਰ ਸਾਹਿਬ ਦੇ ਪਰਬੰਧ ਵਿਚ ਉਨ੍ਹਾਂ ਨੂੰ ਆਪਣਾ ਸਹਿਯੋਗੀ ਬਣਾ ਲਿਆ ਅਤੇ ਆਪਣਾ ਅੰਤਮ ਸਮਾਂ ਨੇੜੇ ਢੁਕਦਾ ਅਨਭਵ

ਕਰਦਿਆਂ ਹੋਇਆਂ, ਆਪਣਾ ਉਤਰਾਧਿਕਾਰੀ (ਜਾਂਨਸ਼ੀਨ) ਨਿਯੁਕਤ ਕਰਨ ਦਾ ਨਿਸਚਾ ਕਰਕੇ, ੪ ਅਗਸਤ ੧੯੮੩ ਨੂੰ ਸਤ ਬਾਬਾ ਨਿਧਾਨ ਸਿੰਘ ਜੀ ਦੀ ਬਰਸੀ ਵਾਲੇ ਦਿਨ ਦਸਤਾਰ ਬੰਧੀ ਦੀ ਰਸਮ ਕਰ ਦਿਤੀ। ਅਤੇ ਆਪ ਅਕਾਲ ਪੁਰਖ ਦੇ ਭਾਣੇ ਅਨੁਸਾਰ ੧ ਅਕਤੂਬਰ ੧੯੮੩ ਨੂੰ ਰਾਤ ਦੇ ਨੌਂ ਵਜੇ ਸਚਖੰਡ ਪਿਆਨਾ ਕਏ ਗਏ।

੧੨ ਅਕਤੂਬਰ ੧੯੮੩ ਨੂੰ ਸੰਤ ਬਾਬਾ ਹਰਨਾਮ ਸਿੰਘ ਜੀ ਦੀ ਚੌਥੀ ਬਰਸੀ ਵਾਲੇ ਦਿਨ ਹੀ ਸੰਤ ਬਾਬਾ ਆਤਮਾ ਸਿੰਘ ਜੀ ਮੌਨੀ ਦੀ ਆਤਮਕ ਸ਼ਾਂਤੀ ਨਮਿਤ ਰਖੇ ਅਖੰਡ ਪਾਠ ਦੀ ਵੀ ਸਮਾਪਤੀ ਸੀ। ਉਸ ਦਿਨ ਭਰੇ ਦੀਵਾਨ ਵਿਚ ਗੁਰੂ ਪੰਥ ਨੇ ਗੁਰਦੁਆਰਾ ਲੰਗਰ ਸਾਹਿਬ ਦੀ ਸੇਵਾ ਨਿਭਾਂਦੇ ਜਾਣ ਦੀ ਆਗਿਆ ਵਜੋਂ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਦਸਤਾਰ ਬੰਧੀ ਕਰਕੇ ਪ੍ਰਵਾਨਗੀ ਦੀ ਮੁਹਰ ਲਗਾ ਦਿਤੀ। ਤਦ ਤੋਂ ਸ੍ਰੀ ਮਾਨ ਸੰਤ ਬਾਬਾ ਸ਼ੀਸ਼ਾ ਸਿੰਘ ਜੀ, ਸ੍ਰੀ ਮਾਨ ਸੰਤ ਬਾਬਾ ਜਗਤਾਰ ਸਿੰਘ ਜੀ, ਸਣੇ ਆਪਣੇ ਸਹਿਯੋਗੀ ਜਥੇਦਾਰ ਬਾਬਾ ਮੋਹਣ ਸਿੰਘ ਜੀ, ਬਾਬਾ ਸਿੰਦਰ ਸਿੰਘ ਜੀ, ਬਾਬਾ ਕਰਤਾਰ ਸਿੰਘ ਜੀ, ਬਾਬਾ ਅਮਰੀਕ ਸਿੰਘ ਜੀ, ਸ਼ੇਰ ਸਿੰਘ ਜੀ, ਹਰਜਿੰਦਰ ਸਿੰਘ ਜੀ, ਕਰਨੈਲ ਸਿੰਘ ਜੀ, ਗੁਰਨਾਮ ਸਿੰਘ ਜੀ, ਅਤੇ ਸ਼ਿੰਗਾਰਾ ਸਿੰਘ ਜੀ ਦੇ, ਇਸ ਗੁਰਧਾਮ ਦੀ ਸੇਵਾ ਬੜੇ ਪ੍ਰੇਮ ਨਾਲ ਨਿਭਾ ਰਹੇ ਹਨ।

ਸੰਤ ਬਾਬਾ ਸ਼ੀਸ਼ਾ ਸਿੰਘ ਜੀ ਦਾ ਜਨਮ ਸੰਨ ੧੯੨੮ ਵਿਚ ਪਿੰਡ ਮਾਹਨੀਆਂਵਾਲਾ, ਤਸੀਲ ਚੂਹੜਕਾਣਾ, ਜ਼ਿਲਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਸ੍ਰ: ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਦੀ ਮਾਤਾ ਦਾ ਨਾਂ ਸ੍ਰੀਮਤੀ ਵੀਰ ਕੌਰ ਸੀ। ਆਪ ਚਾਰ ਭਰਾ ਅਤੇ ਤਿੰਨ ਭੈਣਾਂ ਹਨ। ਪਾਕਿਸਤਾਨ ਬਨਣ ਪਿਛੋਂ ਪਹਿਲਾਂ ਪਿੰਡ ਢਡਨੀਆਂ (ਨਾਭਾ) ਵਿਖੇ ਆਬਾਦ ਹੋਏ।

ਕੁਝ ਸਮਾਂ ਪਿਛੋਂ ਕੁਰਕਸ਼ੇਤਰ ਦੇ ਵਾਸੀ ਬਣੇ ਅਤੇ ਫਿਰ ਡਾਚਰ (ਕਰਨਾਲ) ਵਿਖੇ ਜਾ ਵੱਸੇ ।

ਸ਼ਾਦੀ ਆਪ ਦੀ ੧੯੫੪ ਵਿਚ ਹੋਈ, ਪੰਜ ਸੰਤਾਨਾਂ (ਤਿੰਨ ਲੜਕੇ ਅਤੇ ਦੋ ਲੜਕੀਆਂ) ਹੋਈਆਂ ਜੋ ਹੁਣ ਪਿੰਡ ਡਾਚਰ ਵਿਖੇ ਰਹਿੰਦੇ ਹਨ। ਸੇਵਾ ਦੀ ਲਗਨ ਆਪ ਜੀ ਨੂੰ ਬਚਪਨ ਤੋਂ ਹੀ ਸੀ ਅਤੇ ਇਹੀ ਕਾਰਨ ਸੀ ਕਿ ਆਪ ਨੇ ਗ੍ਰਿਹਸਤ ਮਾਰਗ ਤੋਂ ਨਾਤਾ ਤੋੜ ਕੇ ੧੯੬੩ ਵਿਚ ਆਪਣਾ ਜੀਵਨ ਗੁਰਦੁਆਰਾ ਸਾਹਿਬਾਨ ਦੀ ਕਾਰ ਹਿਤ ਸਮਰਪਿਤ ਕਰ ਦਿਤਾ । ਕਾਰ ਸੇਵਾ ਸੰਪਰਦਾ ਬਾਬਾ ਗੁਰਮੁਖ ਸਿੰਘ ਜੀ ਦੇ ਬਾਬਾ ਜੀਵਨ ਸਿੰਘ ਜੀ ਅਤੇ ਬਾਬਾ ਦਲੀਪ ਸਿੰਘ ਜੀ ਨਾਲ ਸ੍ਰੀ ਹਜ਼ੂਰ ਸਾਹਿਬ ਜੀ ਦੇ ਗੁਰਦੁਆਰਿਆਂ ਦੀ ਕਾਰ ਸੇਵਾ ਹਿਤ ੧੯੬੩ ਵਿਚ ਨਾਂਦੇੜ ਵਿਖੇ ਆਏ। ਇਸ ਇਲਾਕੇ ਦੀਆਂ ਸੜਕਾਂ ਦੀ ਹਾਲਤ ਉਨ੍ਹਾਂ ਦਿਨਾਂ ਵਿਚ ਬੜੀ ਤਰਸ ਯੋਗ ਸੀ। ਇਸ ਲਈ ਪਹਿਲਾਂ ਸੜਕਾਂ ਦੀ ਸੇਵਾ ਦਾ ਕੰਮ ਹੀ ਅਰੰਭਿਆ ਗਿਆਂ। ਸਭ ਤੋਂ ਪਹਿਲਾਂ ਗੁਰਦੁਆਰਾ ਮਾਲ ਟੇਕੜੀ ਸਾਹਿਬ ਨੂੰ ਜਾਣ ਵਾਲੀ ਸੜਕ ਪੱਕੀ ਬਣਾਈ ਗਈ । ਫਿਰ ਮੁਗਟ ਸਟੇਸ਼ਨ--ਮਾਤਾ ਸਾਹਿਬ--ਹੀਰਾਂ ਘਾਟ ਵਾਲੀ ਸੜਕ ਬਣਾਉਣ ਵਿਚ ਆਪਣਾ ਹਿੱਸਾ ਪਾਇਆ ਅਤੇ ਫਿਰ ਗੁ: ਰਤਨਗੜ੍ਹ ਸਾਹਿਬ ਦੀ ਸੜਕ ਬਣੀ । ਗੁ: ਸ਼ਿਕਾਰ ਘਾਟ ਲਾਗੇ ਗੋਦਾਵਰੀ ਦਰਿਆਂ ਉਤੇ ਇਕ ਬਹੁਤ ਹੀ ਸੁਹਣਾ ਪੁਲ ਅਤੇ ਨਾਂਦੇੜ ਨਾਲ ਜੋੜਵੀਂ ਸੜਕ ਬਣਾਏ ਜਾਣ ਪਿਛੋਂ ਆਪ ੧੯੭੨ ਵਿਚ ਵਾਪਸ ਪੰਜਾਬ ਚਲੇ ਗਏ, ਜਿਥੇ ਤਰਨ ਤਾਰਨ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਕੌਲਸਰ, ਬਬੇਕਸਰ, ਰਾਮਸਰ, ਸੰਤੋਖਸਰ ਆਦਿ ਸਰੋਵਰਾਂ ਦੀਆਂ ਕਾਰ ਸੇਵਾਵਾਂ ਕਰਵਾਈਆਂ । ਸੰਤ ਬਾਬਾ ਦਲੀਪ ਸਿੰਘ ਜੀ ਅਤੇ ਸੰਤ ਬਾਬਾ ਜੀਵਨ ਸਿੰਘ ਜੀ, ਜਿਨ੍ਹਾਂ ਦੀ ਸਰਪਰਸਤੀ ਹੇਠ ਆਪ ਸੇਵਾ ਕਰ

ਰਹੇ ਸਨ; ਕਰਮਵਾਰ ੧੯੬੯ ਅਤੇ ੧੯੭੪ ਵਿਚ ਸੰਸਾਰਕ ਯਾਤਰਾ ਪੂਰੀ ਕਰ ਕੇ ਗੁਰਪੁਰੀ ਸਿਧਾਰ ਗਏ। ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਾ ਸਾਹਿਬਾਨ ਦੀ ਇਮਾਰਤੀ ਸੇਵਾ ਕਰਵਾਉਣ ਹਿਤ ਆਪ ਮੁੜ ੧੯੭੭ ਵਿਚ ਵਾਪਸ ਨਾਂਦੇੜ ਆ ਗਏ। ਗੁ: ਹੀਰਾ ਘਾਟ ਸਾਹਿਬ, ਮਾਲ ਟੇਕੜੀ ਸਾਹਿਬ, ਬੰਦਾ ਘਾਟ ਸਾਹਿਬ ਅਤੇ ਸੰਗਤ ਸਾਹਿਬ ਆਦਿ ਦੀ ਇਮਾਰਤੀ ਸੇਵਾ ਆਪ ਨੇ ਆਪਣੀ ਸਰਪਰਸਤੀ ਹੇਠ ਕਰਵਾਈ। ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਬਿਲਡਿੰਗ ਨੂੰ ਬਾਹਰੋਂ ਸੰਗਮਰਮਰ ਲਗਾਉਣ ਦੀ ਅਤੇ ਗੁ: ਲੰਗਰ ਸਾਹਿਬ ਦੀ ਇਮਾਰਤੀ ਸੇਵਾ ਹੁਣ ਵੀ ਜਾਰੀ ਹੈ। ਇਸ ਤੋਂ ਛੁਟ ਤਖਤ ਸਚਖੰਡ ਸਾਹਿਬ ਵਿਖੇ ਦੁਮੰਜ਼ਲਾ ਦੀਵਾਨਹਾਲ, ਇਕ ਬੜਾ ਸੁੰਦਰ ਅਤੇ ਵਡਾ ਲੰਗਰ ਹਾਲ, ਗੁਰਦੁਆਰਾ ਮਾਈ ਭਾਗੋ ਆਦਿ ਤਿਆਰ ਹੋ ਗਏ ਜਾਂ ਸੇਵਾ ਜਾਰੀ ਹੈ। ਜਿਉਂ ਜਿਉਂ ਇਮਾਰਤਾਂ ਤਿਆਰ ਹੁੰਦੀਆਂ ਜਾਂਦੀਆਂ ਹਨ, ਗੁਰਦੁਆਰਾ ਸਚਖੰਡ ਬੋਰਡ ਦੇ ਸਪੁਰਦ ਕਰ ਦਿਤੀਆਂ ਜਾਂਦੀਆਂ ਹਨ।

ਕੁਝ ਸਮਾਂ ਹੋਇਆ ਨਾਂਦੇੜ ਵਿਖੇ ਸੰਤਾਂ ਦੇ ਉਦਮ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਇੰਜੀਨੀਅਰਿਗ ਕਾਲਜ ਖੋਹਲਿਆ ਗਿਆ ਹੈ ਜਿਸ ਨੂੰ ਮਹਾਰਾਸ਼ਟਰ ਸਰਕਾਰ ਚਲਾ ਰਹੀ ਹੈ। ਇਸ ਕਾਲਜ ਵਾਸਤੇ ਗੁਰਦੁਆਰਾ ਲੰਗਰ ਸਾਹਿਬ ਵਲੋਂ ਵੀਹ ਲਖ ਰੁਪਿਆ ਅਤੇ ੪੬ ਏਕੜ ਜ਼ਮੀਨ ਦਿਤੀ ਗਈ ਹੈ।

ਗੁਰਦੁਆਰਾ ਲੰਗਰ ਸਾਹਿਬ ਦੇ ਪਰਬੰਧ ਵਾਸਤੇ ਟ੍ਰਸਟ ਬਣਿਆ ਹੋਇਆ ਹੈ, ਜਿਸ ਦੇ ਮੁਖੀ ਸੰਤ ਬਾਬਾ ਸ਼ੀਸ਼ਾ ਸਿੰਘ ਜੀ ਹਨ।

—ਪਰਕਾਸ਼ਕ

# ਗੁਰ ਸਿਖ ਰਹਿਣੀ

## ਦੇ

# ਇਕਵੰਜਾ ਚੋਣਵੇਂ ਅਸੂਲ

੧) ਸ੍ਰਿਸ਼ਟੀ ਦਾ ਰਚਨਹਾਰ, ਸਰਵ ਸ਼ਕਤੀਮਾਨ ਅਕਾਲ ਪੁਰਖ ਪਰਮਾਤਮਾ ਹੈ। ਉਹ ਕੇਵਲ ਇਕ ਹੈ ਤੇ ਉਸ ਇਕੋ ਦੀ ਹੀ ਉਪਾਸ਼ਨਾ ਕਰਨਾ ਹਰ ਗੁਰ ਸਿਖ ਦਾ ਫਰਜ਼ ਹੈ। ਬਾਕੀ ਦੇਵੀ ਦੇਵਤਿਆਂ, ਗੋਰ ਮੜ੍ਹੀ ਅਤੇ ਮੂਰਤੀਆਂ ਦੀ ਪੂਜਾ ਮਨਮਤ ਹੈ।

੨) ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਕਿਸੇ ਵਿਅਕਤੀ ਨੂੰ, ਭਾਵੇਂ ਉਹ ਕਿੰਨੀ ਹੀ ਮਹਾਨ ਹੋਵੇ, ਮੱਥਾ ਟੇਕਣਾ ਮਨਮਤ ਹੈ। ਅਤੇ ਗੁਰੂ ਮਹਾਰਾਜ ਜੀ ਦੀ ਬੇਅਦਬੀ ਹੈ।

੩) ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਾਂ ਗੁਰੂ ਸਾਹਿਬਾਨ ਅਤੇ ਉਹਨਾਂ ਦੀ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿਵਾ ਕਿਸੇ ਨੂੰ ਗੁਰੂ ਨਹੀਂ ਮੰਨਣਾ।

੪) ਸ਼ਾਦੀ ਗਮੀ ਦੇ ਸਾਰੇ ਰਸਮ ਰਿਵਾਜ ਗੁਰਮਤਿ ਅਨੁਸਾਰ ਕਰਨਾ।

੫) ਅੰਮ੍ਰਿਤਧਾਰੀ ਹੋਣਾ ਅਤੇ ਪੰਜ ਰਹਿਤਾਂ ਵਿਚ ਪੱਕਾ ਹੋਣਾ, ਅਤੇ ਚਾਰ ਕੁਰਹਿਤਾਂ ਦਾ ਤਿਆਗ ਕਰਨਾ।

੬) ਗੁਰਸਿਖ ਹਮੇਸ਼ਾ ਆਪਣਾ ਮਨ ਨੀਵਾਂ ਅਤੇ ਮਤਿ ਉਚੀ ਰਖਦਾ ਹੈ ਅਤੇ ਅਠੇ ਪਹਿਰ ਇਹੀ ਪ੍ਰਭੂ ਪਾਸੋਂ ਮੰਗਦਾ ਹੈ।

੭) ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਵੇਲੇ ਨੂੰ ਬੜੀ ਮਹਾਨਤਾ ਦਿਤੀ ਹੈ, ਇਸ ਵੇਲੇ ਮਨ ਸੁਤੇ ਸਿਧ ਇਕਾਗਰ ਹੁੰਦਾ ਹੈ। ਇਸ ਦੀ ਸੰਭਾਲ ਕਰਨੀ, ਨਾਮ ਬਾਣੀ ਜਪਨਾ ਹਰ ਗੁਰ ਸਿਖ ਦਾ

ਮੁਖ ਫਰਜ਼ ਹੈ। ਇਸ ਨੂੰ ਸੌਂ ਕੇ ਅਜਾਈਂ ਗਵਾਉਣਾ ਜ਼ਿੰਦਗੀ ਨਾਲ ਇਕ ਪਰਕਾਰ ਦਾ ਵਿਸ਼ਵਾਸ ਘਾਤ ਹੈ।

੮) ਕਾਰ ਵਿਹਾਰ ਵਿਚ ਵਿਚਰਦਿਆਂ ਹੋਇਆਂ ਵੀ ਸਦਾ ਸਚ ਬੋਲਣਾ ਅਤੇ ਸਵਾਸ ਸਵਾਸ ਵਾਹਿਗੁਰੂ ਦਾ ਨਾਮ ਚਿਤ ਆਉਣਾ।

੯) ਦਸਾਂ ਨੌਹਾਂ ਦੀ ਕਿਰਤ ਕਰਨੀ ਅਤੇ ਦਸਵੰਧ ਕਢ ਕੇ ਭਲੇ ਅਰਥ ਲਾਉਣਾ, ਵੰਡ ਛਕਣਾ।

੧੦) ਗੁਰ ਸਿਖ ਨੂੰ ਦਿਨ ਰਾਤ ਦੇ ੨੪ ਘੰਟਿਆਂ ਦਾ ਦਸਵੰਧ ਘਟੋ ਘਟ ਢਾਈ ਘੰਟੇ ਪ੍ਰਭੂ ਦੀ ਯਾਦ ਵਿਚ ਸੁਫਲੇ ਕਰਨੇ ਚਾਹੀਦੇ ਹਨ।

੧੧) ਬਚਿਆਂ ਨੂੰ ਗੁਰਬਾਣੀ ਕੰਠ ਕਰਾਉਣੀ, ਗੁਰਮੁਖੀ ਅਤੇ ਸਿਖ ਇਤਿਹਾਸ ਪੜ੍ਹਾਉਣਾ ਅਤੇ ਦਸਤਾਰ ਸਜਾਉਣ ਦੀ ਆਦਤ ਪਾਉਣੀ।

੧੨) ਵਿਆਹ ਸ਼ਾਦੀਆਂ ਦੇ ਕਾਰਡਾਂ ਉਤੇ ਲੜਕੇ ਲੜਕੀ ਦੇ ਨਾਂ ਨਾਲ 'ਸਿੰਘ' ਅਤੇ 'ਕੌਰ' ਜ਼ਰੂਰ ਲਿਖਣਾ।

੧੩) ਕਿਸੇ 'ਸਿੰਘ' ਨੂੰ ਸੰਬੋਧਨ ਕਰਨ ਲਗਿਆਂ 'ਸ੍ਰੀ' ਦੀ ਥਾਂ 'ਸਰਦਾਰ' ਦੀ ਵਰਤੋਂ ਕਰਨੀ।

੧੪) ਲੋੜਵੰਦ, ਅਨਾਥ ਅਤੇ ਦੀਨ ਦੁਖੀ ਦੀ ਵਿਤ ਅਨੁਸਾਰ ਸੇਵਾ ਕਰਨੀ।

੧੫) ਊਚ ਨੀਚ ਅਤੇ ਜਾਤ ਪਾਤ ਦਾ ਤਿਆਗ ਕਰਨਾ।

੧੬) ਨਾ ਕਿਸੇ ਨੂੰ ਨਾਜਾਇਜ਼ ਡਰਾਉਣਾ ਅਤੇ ਨਾ ਕਿਸੇ ਪਾਸੋਂ ਡਰਨਾ, ਨਾ ਗੁਲਾਮ ਬਣਾਉਣਾ ਨਾ ਗੁਲਾਮ ਬਣਨਾਂ।

੧੭) ਗੁਰ ਸਿਖ ਲਈ ਨਿਜ ਨਾਰੀ ਤੋਂ ਛੁਟ, ਸਭ ਇਸਤ੍ਰੀਆਂ ਨੂੰ ਮਾਈਆਂ, ਧੀਆਂ, ਭੈਣਾਂ ਜਾਣਨਾ। ਇਸੇ ਤਰ੍ਹਾਂ, ਬੀਬੀਆਂ

ਲਈ ਆਪਣੇ ਪਤੀ ਤੋਂ ਛੁੱਟ, ਸਭ ਨੂੰ ਭਰਾ, ਪਿਤਾ ਅਤੇ ਪੁੱਤਰ ਕਰ ਜਾਣਨਾ ।

੧੮) ਹਫੀਮ, ਸ਼ਰਾਬ ਅਤੇ ਤੰਬਾਕੂ ਆਦਿ ਕਿਸੇ ਵੀ ਨਸ਼ੇ ਵਾਲੀ ਚੀਜ਼ ਦੀ ਵਰਤੋਂ ਨਾ ਕਰਨਾ ।

੧੯) ਕੁੜੀ ਮਾਰ ਅਤੇ ਨੜੀ ਮਾਰ ਨਾਲ ਕੋਈ ਨਿਜੀ ਸੰਬੰਧ ਨਾ ਰਖਣਾ ।

੨੦) ਪੰਥ ਦੀ ਚੜ੍ਹਦੀ ਕਲਾ, ਏਕਤਾ ਅਤੇ ਸਰਬਤ ਦੇ ਭਲੇ ਲਈ ਅਰਦਾਸ ਕਰਨਾ ।

੨੧) ਜਦੋਂ ਪੰਥ ਤੇ ਭੀੜ ਬਣੇ, ਤਾਂ ਤਨ, ਮਨ ਅਤੇ ਧਨ ਪੰਥ ਦੇ ਅਰਪਨ ਕਰ ਦੇਣਾ ।

੨੨) ਸਿਖੀ ਵਿਚ ਸੇਵਾ ਨੂੰ ਬੜਾ ਮਾਣ ਪ੍ਰਾਪਤ ਹੈ; ਇਸ ਲਈ ਲੰਗਰ ਅਤੇ ਸਾਧ ਸੰਗਤ ਦੇ ਜੋੜਿਆਂ ਦੀ ਹੱਥੀਂ ਸੇਵਾ ਕਰਨੀ ।

੨੩) ਪੰਜਾਂ ਪਿਆਰਿਆਂ ਨੂੰ 'ਗੁਰੂ ਰੂਪ' ਦਾ ਦਰਜਾ ਪ੍ਰਾਪਤ ਹੈ । ਪੰਜਾਂ ਪਿਆਰਿਆਂ ਦਾ ਪੂਰਨ ਸਤਿਕਾਰ ਕਰਨਾ ।

੨੪) ਕਰਮ ਕਾਂਡ ਦਾ ਕੋਈ ਕਰਮ ਨਾ ਕਰਨਾ । ਸਰਾਧ ਕਰਨੇ, ਪਿੰਡ ਭਰਾਉਣੇ ਸਭ ਮਨਮਤ ਹਨ ।

੨੫) ਵਿਆਹ ਸ਼ਾਦੀਆਂ ਸਮੇਂ ਗੰਦੇ ਗੀਤਾਂ ਦੀ ਥਾਂ ਸ਼ਬਦ ਕੀਰਤਨ ਦੇ ਰੀਕਾਰਡ ਲਗਾਉਣਾ ।

੨੬) ਦੁਖ ਸੁਖ ਨੂੰ ਇਕੋ ਜਿਹਾ ਕਰ ਕੇ ਮੰਨਣਾ ਅਤੇ ਸਦਾ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣਾ ।

੨੭) ਪਜਾਂ ਦੂਤਾਂ ਦਾ ਸੰਘਾਰ ਕਰਨਾਂ । ਸਦਾ ਨਿਮਰਤਾ ਅਤੇ ਨਿਰਮਾਣਤਾ ਰਖਣੀ ।

੨੮) ਸਦਾ ਨੇਕੀ ਦੇ ਰਾਹ ਤੇ ਚਲਣਾ, ਕਿਸੇ ਦਾ ਬੁਰਾ ਨਾ ਚਿਤਵਣਾ, ਅਤੇ ਨਿੰਦਾ, ਚੁਗਲੀ, ਈਰਖਾ ਅਤੇ ਦਵੈਸ਼ ਦਾ ਤਿਆਗ ਕਰਨਾ।

੨੯) ਸੰਸਾਰ ਨਾਸ਼ਵੰਦ ਹੈ; ਮਾਇਆ ਵਿਚ ਵਿਚਰਦਿਆਂ ਹੋਇਆਂ ਵੀ ਨਿਰਲੇਪ ਰਹਿਣਾ।

੩੦) ਛਲ, ਫਰੇਬ ਅਤੇ ਕਪਟ ਨੂੰ ਤਿਆਗਣਾ। ਕਦੇ ਕਿਸੇ ਦਾ ਦਿਲ ਨਾ ਦੁਖਾਉਣਾ।

੩੧) ਸੰਸਾਰਕ ਪਦਾਰਥ, ਸਿਆਣਪ, ਸੁਹੱਪਣ, ਰਾਜਸੀ ਤਾਕਤ ਅਤੇ ਵਿਦਿਆ ਆਦਿ ਪਰਮਾਤਮਾ ਦੀ ਦੇਣ ਹੈ। ਇਸ ਦਾ ਕਦੇ ਮਾਨ ਨਾ ਕਰਨਾ ਤੇ ਬਿਰਖ ਦੀ ਛਾਉਂ ਤੁਲ ਜਾਣਨਾ।

੩੨) ਮਾਤਾ ਪਿਤਾ ਅਤੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਅਤੇ ਮਿੱਠਾ ਬੋਲਣਾ।

੩੩) ਮਹਾਂ ਪੁਰਸ਼ਾਂ ਅਤੇ ਗੁਰਮੁਖਾਂ ਦੀ ਸੰਗਤ ਕਰਨਾ। ਮਾੜੀ ਸੰਗਤ ਤੋਂ ਬਚਣਾ।

੩੪) ਰੋਜ਼ਾਨਾ ਕੁਝ ਸਮਾਂ ਕੱਢ ਕੇ ਗੁਰਬਾਣੀ ਦੀ ਵੀਚਾਰ ਕਰਨੀ।

੩੫) ਸਾਦੀ ਰਹਿਣੀ ਰਖਣੀ, ਥੋੜਾ ਖਾਣਾ, ਥੋੜਾ ਸੌਣਾ ਅਤੇ ਥੋੜਾ ਬੋਲਣਾ।

੩੬) ਵਡੇ ਭਾਗਾਂ ਨੂੰ ਮਨੁਖਾ ਜਨਮ ਮਿਲਿਆ ਹੈ, ਪਰਮਾਤਮਾ ਨੂੰ ਮਿਲਣ ਦਾ ਇਹੀ ਅਵਸਰ ਹੈ। ਨਾਮ ਬਾਣੀ ਦਾ ਜਾਪ ਕਰਨਾ।

੩੭) ਮਾਇਆ ਨਾਲ ਸਰੀਰਕ ਸੁਖ ਤਾਂ ਖਰੀਦੇ ਜਾ ਸਕਦੇ ਹਨ; ਪ੍ਰੰਤੂ ਮਨ ਦੀ ਸ਼ਾਂਤੀ ਅਤੇ ਆਤਮਕ ਸੁਖ ਕੇਵਲ ਪ੍ਰਭੂ ਦੇ ਨਾਮ ਵਿਚ ਹਨ।

੩੮) ਆਪਣੇ ਤੋਂ ਲਿੱਸੇ ਉਤੇ ਕਦੇ ਵਾਰ ਨਹੀਂ ਕਰਨਾ। ਹਮੇਸ਼ਾ ਗਰੀਬ ਦੀ ਸਹਾਇਤਾ ਕਰਨੀ।

੩੯) ਪਰਮਾਤਮਾ ਜਿਸ ਰੰਗ ਵਿਚ ਰਖੇ ਉਸੇ ਵਿਚ ਹੀ ਰਾਜ਼ੀ ਰਹਿਣਾ ਅਤੇ ਉਸ ਦਾ ਹਰ ਵੇਲੇ ਸ਼ੁਕਰ ਕਰਨਾ।

੪੦) ਦਾਤਾ ਕੇਵਲ ਵਾਹਿਗੁਰੂ ਹੀ ਹੈ, ਬਾਕੀ ਸਭ ਮੰਗਤੇ ਹਨ। ਜੋ ਕੁਝ ਮੰਗਣਾ ਹੈ ਉਸ ਦਾਤੇ ਪਾਸੋਂ ਮੰਗਣਾ।

੪੧) ਤੀਰਥਾਂ ਤੇ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ ਜੇ ਮਨ ਦੀ ਮੈਲ ਨਾ ਲਾਹੀ ਜਾਵੇ। ਇਸ ਲਈ ਗੁਰਬਾਣੀ ਰੂਪੀ ਸਰੋਵਰ ਵਿਚ ਇਸ਼ਨਾਨ ਕਰਕੇ ਮਨ ਨਿਰਮਲ ਕਰਨਾ।

੪੨) ਖਿਮਾਂ ਸਮਾਨ ਕੋਈ ਤਪ ਨਹੀਂ। ਬੁਰੇ ਦਾ ਭਲਾ ਕਰਨਾ ਅਤੇ ਵੇਖ ਕੇ ਅਨਡਿੱਠ ਕਰਨਾ ਸਿਖੀ ਦੇ ਸੁਨਹਿਰੀ ਅਸੂਲ ਹਨ।

੪੩) ਗਰੀਬੀ ਵੀ ਉਸ ਮਾਲਕ ਦੀ ਅਮੁੱਲੀ ਦਾਤ ਹੈ; ਅਮੀਰੀ ਗਰੀਬੀ ਨੂੰ ਸਮ ਕਰ ਜਾਣਨਾ ਗੁਰ ਸਿਖ ਲਈ ਜ਼ਰੂਰੀ ਹੈ।

੪੪) ਹਉਮੈ ਦੀਰਘ [ਕੋਹੜ] ਰੋਗ ਹੈ ਜੋ ਸਾਰੇ ਰੋਗਾਂ ਨਾਲੋਂ ਖਤਰਨਾਕ ਹੈ। ਹਰ ਪਰਕਾਰ ਦੀ ਹਉਮੈ ਦਾ ਤਿਆਗ ਕਰਨਾ।

੪੫) ਹਉਮੈ ਤੇ ਪ੍ਰਭੂ ਦਾ ਨਾਮ ਦੋਵੇਂ ਇਕੱਠੇ ਹਿਰਦੇ ਵਿਚ ਨਹੀਂ ਵਸਦੇ। ਜਦੋਂ ਤਕ ਹਉਮੈ ਮਨ ਵਿਚ ਵਸਦੀ ਹੈ, ਨਾਮ ਦੀ ਪ੍ਰਾਪਤੀ ਅਸੰਭਵ ਹੈ।

੪੬) ਕੇਵਲ ਨਾਮ ਸਿਮਰਨ ਤੇ ਸਾਧ ਸੰਗਤ ਦੀ ਸੇਵਾ ਹੀ ਹਉਮੈ ਰੋਗ ਨੂੰ ਕਟਦੀ ਹੈ।

੪੭) ਗੁਰ ਸਿਖ ਬੀਬੀ ਨੂੰ ਖਿਮਾ ਤੇ ਨਿਮ੍ਰਤਾ ਦਾ ਸਚਾ ਸ਼ਿੰਗਾਰ ਧਾਰਨ ਕਰਨਾ ਚਾਹੀਦਾ ਹੈ। ਬਾਕੀ ਸੰਸਾਰੀ ਸ਼ਿੰਗਾਰ ਸਭ ਝੂਠੇ ਹਨ।

੪੮) ਪ੍ਰਭੂ ਦੀ ਪ੍ਰੀਤੀ ਤੋਂ ਬਿਨਾਂ ਜੀਵ ਆਤਮਾਂ ਧਰਤੀ ਤੇ ਇਕ ਤੁਰਦੀ ਫਿਰਦੀ ਲੋਥ ਹੈ। "ਮ੍ਰਿਤਕ ਕਹੀਐ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ।"

੪੯) ਪ੍ਰਭੂ ਪ੍ਰੇਮ ਦੀ ਅਮੁੱਲੀ ਦਾਤ ਉਸਦੀ ਮਿਹਰ ਨਾਲ ਮਿਲਦੀ ਹੈ; ਜੀਵ ਦੇ ਵੱਸ ਦੀ ਗੱਲ ਨਹੀਂ। ਗੁਰ ਸਿਖ ਅਠੋ ਪਹਿਰ ਪ੍ਰਭੂ ਪਾਸੋਂ ਉਸਦੀ ਦਾਤ ਹੀ ਮੰਗਦਾ ਹੈ।

੫੦) ਕਾਮ ਤੇ ਕਰੋਧ ਰੂਪੀ ਅਗਨੀ ਸ਼ਰੀਰ ਨੂੰ ਇਸ ਤਰ੍ਹਾਂ ਗਾਲ ਦੇਂਦੀਆਂ ਹਨ ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ। ਅਰੋਗ ਰਹਿਣ ਲਈ ਇਨ੍ਹਾਂ ਦੂਤਾਂ ਦਾ ਤਿਆਗ ਜ਼ਰੂਰੀ ਹੈ।

੫੧) ਦੇਹ ਸ਼ਿਵਾ ਬਰ ਮੋਹਿ ਇਹੈ,<br>
ਸੁਭ ਕਰਮਨ ਤੇ ਕਬਹੂ ਨ ਟਰੋਂ ॥<br>
ਨ ਡਰੋਂ ਅਰਿ ਸੌਂ ਜਬ ਜਾਇ ਲਰੋਂ,<br>
ਨਿਸਚੈ ਕਰ ਅਪਨੀ ਜੀਤ ਕਰੋਂ ॥<br>
ਅਰੁ ਸਿਖ ਹੋਂ ਅਪਨੇ ਹੀ ਮਨ ਕੋ,<br>
ਇਹ ਲਾਲਚ ਹਉ ਗੁਨ ਤਉ ਉਚਰੋਂ ॥<br>
ਜਬ ਆਵ ਕੀ ਅਉਧ ਨਿਦਾਨ ਬਨੈ,<br>
ਅਤ ਹੀ ਰਨ ਮੈ ਤਬ ਜੂਝ ਮਰੋਂ ॥

ਗੁਰੂ ਪੰਥ ਦਾ ਦਾਸ–<br>
ਸੰਤ ਬਾਬਾ ਹਰਨਾਮ ਸਿੰਘ 'ਸੇਵਕ'

# ਕਰਨੀ ਨਾਮਾ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭਵਿਖਤ ਬਚਨ
## ਮੱਕੇ ਵਿਚ ਰੁਕਨਦੀਨ ਨਾਲ



ਨਾਨਕ ਆਖੇ ਰੁਕਨਦੀਨ ਸਚਾ ਸੁਣਹੁ ਜਵਾਬ ।
ਪੜ੍ਹੇ ਸੁਣਹਿ ਜੇ ਪ੍ਰੀਤ ਕਰ ਛੂਟੇ ਸਭ ਅਜਾਬ ॥
ਦਸਵਾਂ ਜਾਮਾ ਪਹਿਨ ਕਰ ਬੈਠੋਂ ਪੁਰ ਕਰਤਾਰ ।
ਔਰੰਗਜ਼ੇਬ ਪਾਤਸ਼ਾਹ ਸੌਂ ਜੁਧ ਕਰੋਂ ਬਹੁ ਬਾਰ ॥
ਅਟੁਟ ਬਲ ਆਪਣਾ ਦੇਇਕੇ ਭੇਜ ਦਿਆਂਗਾ ਸਿੰਘ ।
ਦੇਖ ਉਹਨਾਂ ਨੂੰ ਬੋਲਸੀ ਪਾਤਸ਼ਾਹ ਨੌਰੰਗ ॥
ਦੇਖ ਉਹਨਾਂ ਬਲ ਘਟਿਸੀ ਭੂਲ ਗਯੋ ਨਿ ਫੰਧ ।
ਅਗੇ ਪੈਦਾ ਕਿਉਂ ਕੀਓ ਭਲੋ ਨ ਕੀਓ ਗੋਬਿੰਦ ॥

ਅਲੋਪ ਹੋਵਾਂਗਾ ਰਾਜ ਦੇ ਮਨ ਥਾਪੋਂ ਗੋਬਿੰਦ ।
ਬਚਨ ਪਾਲ ਨਹੀਂ ਸ਼ਕੈਂਗੇ ਬਹੁਤ ਪੜੈਂਗੇ ਜੰਗ ॥
ਫੇਰ ਕਰੂੰਗਾ ਖਾਲਸਾ ਵੱਸੇ ਵਿਚ ਪੰਜਾਬ ।
ਬਚਨ ਚਾਰ ਕਾ ਏਕ ਰੂਪ ਦੇਖ ਕਰੋਂ ਮੈਂ ਆਪ ॥
ਮਾਝੇ ਦੇ ਵਿਚ ਹੋਵਸਨ ਲੂਟੈਂਗੇ ਲਾਹੌਰ ।
ਪੋਠੋਹਾਰ ਕੋ ਸਾਧ ਕੈ ਫਿਰ ਲੇਵੈਂਗੇ ਪਿਸ਼ੌਰ ॥
ਚੌਕੀ ਅਟਕ ਬਹਾਲ ਕੇ ਫਿਰ ਲੇਵੈਂ ਖੈਬਰ ਤੰਗ ।
ਜਲਾਲਾਬਾਦ ਕੋ ਜੀਤ ਕੇ ਫਿਰ ਕਾਬਲ ਹੋਵੈ ਜੰਗ ॥
ਕਾਬਲ ਰਾਜ ਬਹਾਲ ਕੈ ਗਜ਼ਨੀ ਕੋ ਫਿਰ ਲੇਹ ।
ਮੁਲਖ ਹਜ਼ਾਰਾ ਸਾਧ ਕੈ ਕੰਧਾਰ ਕੋ ਕੂਚ ਕਰੇਹ ॥
ਬਲਖ ਬੁਖਾਰਾ ਬਗਦਾਦ ਕੋ ਲੇਵੈ ਮਸਤ ਬਿਲੋਚ ।
ਉਨ ਮੁਲਖੋਂ ਕੋ ਸਾਧ ਕੈ ਜ਼ਬਤ ਹੋਵੈ ਸਭ ਲੋਕ ॥
ਮੱਕਾ ਮਦੀਨਾ ਰੂਮ ਕੋ ਮਰਹੱਟਾ ਭੀਲ ਫਿਰੰਗ ।
ਦਖਨ ਪੂਰਬ ਹਿੰਦ ਕੋ ਜੀਤ ਕਰਹਿੰਗੇ ਜਗ ॥
ਦਿਲੀ ਤਖਤ ਪਰ ਬਹੇਗੀ ਆਪ ਗੁਰੂ ਕੀ ਫੌਜ ।
ਛਤਰ ਫਿਰਾਵੈ ਸੀਸ ਪਰ ਬੜੀ ਕਰੇਗੀ ਮੌਜ ॥
ਉਦੇ ਅਸਤ ਤਕ ਰਾਜ ਹੋਇ ਹੋਰ ਨਾ ਰਹਸੀ ਕੋਇ ।
ਰਯੱਤ ਹੋਵੈ ਸਭ ਹੀ ਧਰਤੀ ਉਪਰ ਜੋਇ ॥
ਸਚੇ ਸਾਹਿਬ ਦੇ ਰਾਜ ਵਿਚ ਸਤਿਯੁਗ ਹੋਸੀ ਆਨ ।
ਤਾਬਿਆ ਚਲੇ ਜੋ ਪੰਥ ਕੀ ਖਾਇ ਨਾ ਜਮ ਕਾ ਬਾਨ ॥
ਫੌਜ ਚੜ੍ਹੇ ਅਕਾਲ ਕੀ ਮਕੜੀ ਨਿਆਏ ਹੋਇ ।
ਨੀਲਾ ਬਾਨਾ ਪਹਿਰ ਕੇ ਅਵਰ ਨ ਦਿਸਈ ਕੋਇ ॥
ਸੁਨਹੁ ਕਾਜ਼ੀ ਰੁਕਨਦੀਨ ਸਿੰਘ ਕਰੈਂਗੇ ਰਾਜ ।
ਮਲੇਛ–ਸ਼ੇਖ ਸਭ ਨਿਵੈਂਗੇ ਪੀਰ ਮੁਰੀਦ ਸਹਾਬ ॥
ਏਕ ਨਾਮ ਸਭ ਜਪੈਂਗੇ ਦੇਖਨ ਆਵਹਿ ਆਪ ।
ਬੇਈਮਾਨ ਖੁਸ਼ਾਮਦੀ ਦੇਖ ਨ ਸਕੈਂ ਪ੍ਰਤਾਪ ॥

ਰਯੱਤ ਹੋਇ ਸਭ ਮਿਲਹਿਗੀ ਸੂਬੇ ਥਾਪਹਿ ਆਪ ।
ਧਰਤੀ ਦੇਵੈ ਅੰਨ ਧੰਨ ਦੇਵੈ ਡੰਨ ਕਰੈ ਜੋ ਪਾਪ ॥
ਗਉ ਦੂਧ ਬਹੁ ਦੇਇਗੀ ਪਰਬਤ ਦੇਵੈਂ ਲਾਲ ।
ਮੇਵੇ ਭੀ ਤਰੁ ਦੇਹਿੰਗੇ ਜਬ ਦੇਖੇ ਆਪ ਅਕਾਲ ।
ਵਾਹਿਗੁਰੂ ਸਭ ਜਪੇਗੀ ਮੁਕਤ ਆਪਣੀ ਜਾਨ ।
ਧਰਮਸਾਲ ਬਹੁ ਹੋਇਗੀ ਛਪਹਿ ਮਸੀਤ ਕੁਰਾਨ ॥
ਕਸ਼ਮੀਰ ਅਰ ਤਿਬਤ ਕੰਧਾਰ ਯੰਗ ਈਰਾਨ ।
ਗਿਲਜਿਉ ਜੰਬਕ ਬਾਸਕ ਕਾਬਲ ਫਿਰਤ ਈਰਾਨ ॥
ਪ੍ਰਗਟ ਹੋਇਗਾ ਆਪ ਪ੍ਰਭ ਹਰਿਮੰਦਰ ਮਹਿ ਆਇ ॥
ਨਾਮ ਕਹਾਵੈ ਵਾਹਿਗੁਰੂ ਸਿੰਘ ਮਿਲੈ ਸਭ ਆਇ ॥
ਸੱਚਾ ਪੁਰਖ ਅਖਾਇਕੈ ਵਿਚ ਦਿਲੀ ਬਹਿ ਜਾਇ ।
ਪਾਤਸ਼ਾਹੀ ਸੁਖ ਸਿਓ ਕਰੈ ਦੁਸ਼ਟ ਰਹੈ ਨਾ ਕਾਇ ॥
ਜਿਸ ਧਿਰ ਕੋਪਹਿ ਖਾਲਸਾ ਕੰਬਹਿ ਚੰਦਰ ਲੋਇ ।
ਚੌਦਾ ਸੌ ਸਹੰਸਰ ਬਰਖ ਰਾਜ ਇਸਤ੍ਰੀ ਹੋਇ ।
ਮਾਇਆ ਇਕਠੀ ਕਰਕੇ ਦੇਵਹਿ ਲੰਗਰ ਲਾਇ ।
ਨੰਗਾ ਭੁਖਾ ਅਤਿਥੀਆ ਖਾਲੀ ਕੋਇ ਨਾ ਜਾਇ ॥
ਨਾਨਕ ਆਖਹਿ ਰੁਕਨਦੀਨ ਇਹ ਵਰਤੇਗੀ ਰੀਤ ।
ਕਰਨੀ ਨਾਮਾ ਜੋ ਪੜ੍ਹੇ ਵਧੇ ਸਾਹਿਬ ਸਿਉ ਪ੍ਰੀਤ ॥
ਦੋਹੀ ਫਿਰੈ ਅਕਾਲ ਕੀ ਨਿੰਦਕ ਟਿਕੈ ਨ ਕੋਇ ।
ਥਲ ਪਰਬਤ ਸਭ ਭਜੈਗੀ ਤਰਹਿ ਜਗਤ ਮੈ ਹੋਇ ॥
ਰਾਜ ਕਰਹਿਗਾ ਖਾਲਸਾ ਆਕੀ ਰਹੈ ਨ ਕੋਇ ।
ਖੁਆਰ ਹੋਇ ਸਭ ਮਿਲਹਗੇ ਬਚੇ ਸ਼ਰਨ ਜੋ ਹੋਇ ॥

ਗੁਰੂ ਪੰਥ ਦਾ ਦਾਸ--
ਸੰਤ ਬਾਬਾ ਹਰਨਾਮ ਸਿੰਘ 'ਸੇਵਕ'




ਸ੍ਰੀਮਾਨ ਸੰਤ ਆਤਮਾ ਸਿੰਘ ਜੀ ਮੋਨੀ

ਨੂੰ ਦਸਮ ਪਿਤਾ ਦਾ "ਖੀਸਾ ਮੇਰਾ ਹੱਥ ਤੇਰਾ" ਵਾਲਾ ਹੁਕਮ
ਏ। ਉਪ੍ਰੰਤ ਸ੍ਰੀਮਾਨ ੧੦੮ ਸੰਤ ਬਾਬਾ ਹਰਨਾਮ ਸਿੰਘ ਜੀ ਨੇ
ਸਿੰਘ ਜੀ ਮੋਨੀ ਨੂੰ ਸੌਂਪ ਕੇ ਉਹ ੧੨ ਅਕਤੂਬਰ ੧੯੭੯ ਨੂੰ
ਾ ਸ਼ੀਸ਼ਾ ਸਿੰਘ ਜੀ ਕਾਰ ਸ਼ੇਵਾ ਵਾਲਿਆਂ ਦੇ ਸਪੁਰਦ ਕੀਤੀ
ਸਰਪਰਸਤੀ ਹੇਠ ਚਲ ਰਿਹਾ ਹੈ।




ਘ ਜੀ



ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

ਕਰਕੇ ਦੇਗ ਚਲਾਉਣ ਦਾ, ਸ੍ਰੀਮਾਨ ੧੧੧ ਸੰਤ ਬਾਬਾ ਨਿਧਾਨ ਸਿੰਘ ਜੀ
ਭਾਲ ਦਾ ਕੰਮ ੪ ਅਗਸਤ ੧੯੪੭ ਤਕ ਨਿਭਾ ਕੇ ਉਹ ਸਚਖੰਡ ਪਿਆਨਾ ਕਰ ਗ
ਅਗਸਤ ੧੯੭੯ ਨੂੰ ਇਸ ਅਸਥਾਨ ਦੀ ਸੇਵਾ ਦਾ ਭਾਰ ਸ੍ਰੀਮਾਨ ਸੰਤ ਆਤਮਾ
ਸੰਤ ਆਤਮਾ ਸਿੰਘ ਜੀ ਮੋਨੀ ਨੇ ਇਹ ਸੇਵਾ ੪ ਅਗਸਤ ੧੯੮੩ ਨੂੰ ਸੰਤ ਬਾ
ਸਿਧਾਰ ਗਏ । ਸੋ ਹੁਣ ਇਹ ਪਰਬੰਧ ਸ੍ਰੀਮਾਨ ਸੰਤ ਬਾਬਾ ਸ਼ੀਸ਼ਾ ਸਿੰ' ਦੇ



ਸ੍ਰੀਮਾਨ ਸੰਤ ਬਾਬਾ ਨਿਧਾਨ ਸ਼ਿੰਘ ਜੀ



ਸ੍ਰ

ਗੁਰਦੁਆਰਾ ਲੰਗਰ ਸਾਹਿਬ ਨੂੰ ਪ੍ਰਗਟ ਕਰਕੇ ਦੇਗ ਚਲਾਉਣ ਦਾ,
ਮਿਲਣ ਉਪ੍ਰੰਤ ਇਸ ਅਸਥਾਨ ਦੀ ਸੇਵਾ ਸੰਭਾਲ ਦਾ ਕੰਮ ੪ ਅਗਸਤ ੧੯੪
ਇਸ ਸੇਵਾ ਨੂੰ ਚਾਰ ਚੰਨ ਲਗਾਏ। ੪ ਅਗਸਤ ੧੯੭੯ ਨੂੰ ਇਸ ਅਸ
ਸਚਖੰਡ ਪਿਆਨਾ ਕਰ ਗਏ। ਸ੍ਰੀਮਾਨ ਸ਼ੰਤ ਆਤਮਾ ਸਿੰਘ ਜੀ ਮੋਨੀ ਨੇ
[illegible]ਰੇ ੧ ਅਕਤੂਬਰ ੧੯੮੩ ਨੂੰ ਸਚਖੰਡ ਸਿਧਾਰ ਗਏ। ਸੋ ਹੁਣ ਇਹ



ਸੰਤ ਬਾਬਾ ਸ਼ੀਸ਼ਾ ਸਿੰਘ ਜੀ ਕਾਰ ਸੇਵਾ ਵਾਲੇ
ਗੁਰਦੁਆਰਾ ਲੰਗਰ ਸਾਹਿਬ, ਨਾਂਦੇੜ-੪੩੧ ੬੦੧.
ਫੋਨ : ੨੨੪੬੧

---

ਛਾਪਕ - ਕਵਾਲਿਟੀ ਪ੍ਰਿੰਟਰਜ਼, ਨਾਂਦੇੜ-੪੩੧ ੬੦੧ ਫੋਨ : ੨੩੩੬੫